# ਵਿਦਿਆਰੰਭ

## ਸਕੁਲ ਤਿਆਰੀ ਪ੍ਰੋਗਰਾਮ ਲਈ
## ਅਧਿਆਪਕ ਹੈਂਡਬੁੱਕ

समग्र शिक्षा
सबको शिक्षा अच्छी शिक्षा

SCERT
स्वाध्यायान्मा प्रमदः

**ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਦਿੱਲੀ**
ਵਰੁਣ ਮਾਰਗ, ਡਿਫੈਂਸ ਕਾਲੋਨੀ, ਨਵੀਂ ਦਿੱਲੀ-110024

## Advisors

**Sh. Ashok Kumar (IAS)**, Secretary (Education) GNCT of Delhi
**Dr. Rita Sharma**, Director, SCERT, Delhi

## Academic Consultant

**Dr. Nahar Singh,** Joint Director, SCERT, Delhi

## Co-ordinator & Editor

**Dr. Meena Sehrawat,**
Assistant Professor,
DIET Ghumanhera

**Dr. Ritika Dabas,**
Assistant Professor,
SCERT Delhi

## Development Team

**Dr. Meena Sehrawat**, Assistant Professor, DIET Ghumanhera
**Dr. Ritika Dabas**, Assistant Professor, SCERT Delhi
**Dr. Chiter Rekha**, Assistant Professor, DIET Ghumanhera
**Ms. Garima Gupta**, Content Developer, Pratham
**Namrata Ghosh**, Deputy Director, Vikramshila Education Society
**Dr. Satyavir Singh**, Principal, SNI College, Pilana
**Dr. M. M. Roy**, Assistant Professor, DIET Ghumanhera

## Editor

Mr. Pardeep kumar, assistant professor, DIET KKD

## Publication Officer

Dr. Mukesh Yadav, SCERT Delhi

## Publication Team

**Mr. Dinesh Kumar Sharma,** ASO, SCERT Delhi,
**Ms. Fouzia,** BRP, SCERT Delhi
**Ms. Radha,** SCERT Delhi

**VIDYARAMBH-** Teacher's Handbook for School Preparedness Programme
ISBN : 978-93-93667-54-0
© State Council of Educational Research and Training, Delhi
March, 2024
50 copies

Published by : State Council of Educational Research and Training, Delhi

---

Printed at : Chandu Press, Delhi-110092

# ਪ੍ਰਸਤਾਵਨਾ

ਰਾਸ਼ਟਰੀ ਸਿੱਖਿਆ ਨੀਤੀ 2020 ਸਾਰੇ ਬੱਚਿਆਂ ਦੇ ਮੁੱਢਲੇ ਦੌਰ ਵਿੱਚ ਮਿਆਰੀ ਦੇਖਭਾਲ ਅਤੇ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਬਚਪਨ ਦੇ ਸ਼ੁਰੂਆਤੀ ਸਾਲਾਂ ਨੂੰ ਗੰਭੀਰਤਾ ਨਾਲ ਲੈਣ 'ਤੇ ਜ਼ੋਰ ਦਿੰਦੀ ਹੈ। ਈ.ਸੀ.ਸੀ.ਈ. ਤੱਕ ਸਰਵਵਿਆਪਕ ਪਹੁੰਚ ਦੀ ਘਾਟ ਕਾਰਨ, ਬੱਚਿਆਂ ਦਾ ਇੱਕ ਵੱਡਾ ਹਿੱਸਾ ਗ੍ਰੇਡ 1 ਦੇ ਪਹਿਲੇ ਕੁਝ ਹਫ਼ਤਿਆਂ ਵਿੱਚ ਹੀ ਪੱਛੜ ਜਾਂਦਾ ਹੈ। ਇਹ ਦੇਖਿਆ ਗਿਆ ਹੈ ਕਿ ਕਲਾਸ-1 ਵਿੱਚ ਦਾਖਲ ਹੋਣ ਵਾਲੇ ਕੁਝ ਸਿਖਿਆਰਥੀ ਪ੍ਰੀ-ਪ੍ਰਾਇਮਰੀ ਸਿੱਖਿਆਂ ਪੂਰੀ ਕਰ ਚੁੱਕੇ ਹੁੰਦੇ ਹਨ ਅਤੇ ਕੁਝ ਆਂਗਨਵਾੜੀਆਂ ਤੋਂ ਸਿਖਲਾਈ ਲੈ ਕੇ ਆਉਂਦੇ ਹਨ। ਜਦੋਂ ਕਿ ਸਿਖਿਆਰਥੀਆਂ ਦਾ ਇੱਕ ਵੱਡਾ ਹਿੱਸਾ ਸਿੱਧਾ ਪਹਿਲੀ ਜਮਾਤ ਵਿੱਚ ਦਾਖਲ ਹੁੰਦਾ ਹੈ। SCERT ਦਿੱਲੀ ਨੇ ਗ੍ਰੇਡ 1 ਦੇ ਸਾਰੇ ਬੱਚਿਆਂ ਨੂੰ ਸਕੂਲ ਲਈ ਤਿਆਰ ਕਰਨ ਦੇ ਉਦੇਸ਼ ਨਾਲ ਅੰਤਿਮ 3 ਮਹੀਨੇ ਦਾ **'ਖੇਡ-ਅਧਾਰਤ ਸਕੂਲ ਤਿਆਰੀ ਪੈਕੇਜ- ਵਿਦਿਆਰੰਭ'** ਤਿਆਰ ਕੀਤਾ ਹੈ। ਸਕੂਲ ਦੀ ਤਿਆਰੀ ਦਾ ਪੈਕੇਜ 12 ਹਫਤਿਆਂ ਲਈ ਹੈ। ਇਹ ਪੈਕੇਜ ਕਲਾਸ 1 ਦੇ ਸ਼ੁਰੂਆਤੀ ਕਾਲ ਵਿੱਚ ਵਿਕਸਿਤ ਅਤੇ ਢੁੱਕਵੀਂ ਅਧਿਆਪਨ- ਸਿਖਲਾਈ ਰਣਨੀਤੀਆਂ ਅਤੇ ਗਤੀਵਿਧੀਆਂ ਨਾਲ ਬੱਚੇ ਨੂੰ ਪੂਰਵ-ਸਾਖਰਤਾ, ਪੂਰਵ-ਗਿਣਤੀ, ਬੋਧਾਤਮਕ ਅਤੇ ਸਮਾਜਿਕ ਹੁਨਰ ਹਾਸਿਲ ਕਰਨ ਵਿੱਚ ਮਦਦ ਕਰੇਗਾ।

ਤਿੰਨ ਮਹੀਨਿਆਂ ਦੀ ਤਿਆਰੀ ਮੋਡੀਊਲ ਦੇ ਉਦੇਸ਼ ਹਨ:

1 ਵੱਖ-ਵੱਖ ਪੱਛੜੇ ਪਿਛੋਕੜ ਤੋਂ ਆਉਣ ਵਾਲੇ ਗ੍ਰੇਡ - 1 ਸਾਰੇ ਬੱਚਿਆਂ ਵਿੱਚ ਸਕੂਲੀ ਤਿਆਰੀ ਨੂੰ ਉਤਸ਼ਾਹਿਤ ਕਰਨ ਲਈ।

2. ਗਰੇਡ - 1 ਵਿੱਚ ਬੱਚਿਆਂ ਦੀ ਸੁਚਾਰੂ ਤਬਦੀਲੀ ਨੂੰ ਯਕੀਨੀ ਬਣਾਉਣ ਲਈ।

3. ਇੱਕ ਖੇਡ ਅਧਾਰਤ ਵਿਧੀ ਨਾਲ ਬੱਚਿਆਂ ਨੂੰ ਬੋਧਾਤਮਕ ਅਤੇ ਭਾਸ਼ਾਈ ਯੋਗਤਾਵਾਂ ਦੇ ਨਾਲ ਤਿਆਰ ਕਰਨ ਲਈ ਪੜ੍ਹਨਾ, ਲਿਖਣਾ ਅਤੇ ਅੰਕ ਗਿਆਨ ਸੰਬੰਧੀ ਸਮਝ ਨੂੰ ਵਿਕਸਿਤ ਕਰਨਾ ਜੋ ਕਿ ਪਹਿਲਾਂ ਤੋਂ ਹੀ ਲੋੜੀਂਦੀਆਂ ਹਨ।

**ਸਕੂਲ ਤਿਆਰੀ ਪੈਕੇਜ- ਵਿੱਦਿਆਰੰਭ ਵਿੱਚ ਸ਼ਾਮਲ ਹਨ:**

1. ਕਿਤਾਬਚਾ-i ਹੱਥ ਪੁਸਤਿਕਾ, ਅਧਿਆਪਕਾ ਨੂੰ ਸਕੂਲੀ ਤਿਆਰੀ ਬਾਰੇ ਬੁਨਿਆਦੀ ਸੰਕਲਪ ਨੂੰ ਸਮਝਣ ਲਈ ਹੈ।

2. ਕਿਤਾਬ ii- ਹਫਤੇ ਦੇ ਅਨੁਸਾਰ ਤਿੰਨ ਮਹੀਨੇ ਦੇ ਖੇਡ ਅਧਾਰਿਤ ਤਿਆਰੀ ਮੋਡਿਊਲ। ਇਸ ਵਿੱਚ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਲਈ ਯੋਜਨਾ ਅਤੇ ਗਤੀਵਿਧੀਆਂ ਹਨ।

3. ਕਿਤਾਬ iii-ਸਕੂਲ ਦੀ ਤਿਆਰੀ ਦੇ ਤਿੰਨ ਮਹੀਨਿਆਂ ਦੌਰਾਨ ਦੇ ਅਭਿਆਸ ਲਈ ਵਿਦਿਆਰਥੀਆਂ ਲਈ ਗਤੀਵਿਧੀ ਪੁਸਤਕ ਹੈ।

ਸਕੂਲ ਦੀ ਤਿਆਰੀ ਦੇ ਇਹ ਤਿੰਨ ਮਹੀਨਿਆਂ ਦੀ ਹਫ਼ਤਾਵਰ ਯੋਜਨਾ ਹੈ। ਇਹ ਹਫ਼ਤਾਵਾਰ ਯੋਜਨਾ ਦੇ ਨਾਲ 3 ਮਹੀਨਿਆਂ ਦਾ ਪਾਠਕ੍ਰਮ ਹੈ, ਪਹਿਲੇ ਮਹੀਨੇ ਵਿੱਚ ਰੋਜ਼ਾਨਾ ਰੁਟੀਨ ਦਾ ਵਿਸਤ੍ਰਿਤ ਪ੍ਰਵਾਹ ਹੁੰਦਾ ਹੈ। ਗਤੀਵਿਧੀਆਂ ਜੋ ਇੱਕ ਦਿਨ ਵਿੱਚ ਚਾਰ ਘੰਟੇ ਲਈ ਕੀਤੀਆਂ ਜਾਣੀਆਂ ਹਨ। ਗਤੀਵਿਧੀਆਂ ਅਤੇ ਗਤੀਵਿਧੀ ਸ਼ੀਟਾਂ ਨਾਲ ਬਰਾਬਰ ਚਲਦੀਆਂ ਹਨ। ਦੂਜੇ ਮਹੀਨੇ ਦਾ ਹਫ਼ਤਾਵਰ ਅਨੁਸਾਰ ਯੋਜਨਾ ਅਰਧ-ਸੰਰਚਨਾ ਵਾਲੀ ਹੈ। ਅਸੀਂ ਉਨ੍ਹਾਂ ਵਿਸ਼ਿਆਂ ਦੇ ਆਲੇ-ਦੁਆਲੇ ਕੁਝ ਗਤੀਵਿਧੀਆਂ ਅਤੇ ਵਰਕਸ਼ੀਟਾਂ ਦਿੱਤੀਆਂ ਹਨ। ਆਸ ਕੀਤੀ ਜਾਂਦੀ ਹੈ ਕਿ ਬਾਕੀ ਦੀਆਂ ਗਤੀਵਿਧੀਆਂ ਅਤੇ ਰੋਜ਼ਾਨਾ ਰੁਟੀਨ ਦੀਆਂ ਵਰਕਸ਼ੀਟਾਂ ਅਧਿਆਪਕਾਂ ਦੁਆਰਾ ਜਾਂ ਤਾਂ ਕਿਤਾਬ - II ਵਿੱਚ ਦਿੱਤੇ ਸਰੋਤ ਪੂਲ ਵਿੱਚੋਂ ਕੀਤੀਆਂ ਜਾਣ ਜਾਂ ਉਹ ਆਪਣੀ ਸਮਝ ਅਤੇ ਲੋੜ ਅਨੁਸਾਰ ਖੁਦ ਵਿਕਸਤ ਕਰਕੇ ਕਰ ਸਕਦੇ ਹਨ ਜਿਵੇਂ ਕਿ ਪਹਿਲਾ ਅਤੇ ਦੂਜਾ ਮਹੀਨਾ ਦਿਸ਼ਾ ਨਿਰਦੇਸ਼ਾਂ ਦੇ ਬੰਦਸ਼ਾਂ ਵਿੱਚੋਂ ਲੰਘਦਾ ਹੈ, ਹੁਣ ਹੌਲੀ-ਹੌਲੀ ਅਧਿਆਪਕ ਦੀ ਖੁਦਮੁਖਤਿਆਰੀ ਅਤੇ ਲਚਕਤਾ ਵੱਲ ਵਧਦੇ ਹੋਏ ਤੀਜੇ ਮਹੀਨੇ ਦੀ ਹਫਤਾਵਾਰੀ ਯੋਜਨਾ ਖਾਲੀ ਛੱਡ ਦਿੱਤੀ ਗਈ ਹੈ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਅਧਿਆਪਕਾਂ ਵਿਸ਼ਿਆਂ ਦੇ ਆਲੇ ਦੁਆਲੇ ਵੱਖ-ਵੱਖ ਰੋਜ਼ਾਨਾ ਦੀਆਂ ਰੁਟੀਨ ਗਤੀਵਿਧੀਆਂ ਦੀ ਯੋਜਨਾ ਬਣਾਉਣ ਲਈ ਕਾਫ਼ੀ ਸਮਝ ਪ੍ਰਾਪਤ ਕਰ ਚੁੱਕੇ ਹਨ। ਇਸ ਲਈ, ਹਫ਼ਤਾਵਾਰੀ ਯੋਜਨਾਬੰਦੀ ਦਾ ਇੱਕ ਨਮੂਨਾ ਦਿੱਤਾ ਗਿਆ ਹੈ। ਆਸ ਕੀਤੀ ਜਾਂਦੀ ਹੈ ਕਿ ਅਧਿਆਪਕ ਤੀਜੇ ਮਹੀਨੇ ਲਈ ਆਪਣੇ ਆਪ ਯੋਜਨਾ ਬਣਾਉਣਗੇ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਇੱਕ ਅਧਿਆਪਕ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਕਰਨ ਅਤੇ ਸਿਖਿਆਰਥੀਆਂ ਲਈ ਘਰ ਤੋਂ ਸਕੂਲ ਤੱਕ ਆਉਣ ਲਈ ਯੋਗ ਮਾਹੌਲ ਬਣਾਉਣ ਲਈ ਜ਼ਿੰਮੇਵਾਰੀ ਨਿਭਾਉਂਦਾ ਹੈ। ਕਿਤਾਬ 2 ਅਤੇ 3 ਸਾਰੇ ਬੱਚਿਆਂ ਦੇ ਸਿੱਖਣ ਲਈ ਇੱਕ ਅਨੰਦਮਈ, ਵਿਵੇਕਸ਼ੀਲ, ਨਿੱਘੇ ਸੁਆਗਤ,

ਸਵੀਕਾਰ, ਖੁਸ਼ ਅਤੇ ਤਣਾਅ-ਮੁਕਤ ਮਾਹੌਲ ਬਣਾਉਣ ਲਈ ਖੇਡ ਆਧਾਰਿਤ ਸਿੱਖਿਆ ਸ਼ਾਸਤਰ ’ਤੇ ਆਧਾਰਿਤ ਹੈ। ਵਿਦਿਆਰੰਭ-ਦਿੱਲੀ ਦੇ ਕਲਾਸ ਰੂਮ/ਜਮਾਤ ਦੇ ਕਮਰੇ ਦੀਆਂ ਇਹ ਤਿੰਨ ਮਹੀਨਿਆਂ ਦੀ ਹਫ਼ਤਾਵਾਰ ਯੋਜਨਾ ਹੈ। ਪਹਿਲੇ ਮਹੀਨੇ ਵਿੱਚ ਰੋਜਾਨਾ ਦੀਆਂ ਗਤੀਵਿਧੀਆਂ ਦਾ ਵਿਸਤ੍ਰਿਤ ਗਵਾਹ ਹੈ ਜੋ ਕਿ ਰੋਜ਼ ਚਾਰ ਘੰਟੇ ਵਿੱਚ ਕਰਵਾਈਆਂ ਜਾਣਗੀਆਂ। ਇਹ ਗਤੀਵਿਧੀਆਂ ਅਤੇ ਗਤੀਵਿਧੀ ਸ਼ੀਟਾਂ ਅੰਤਰ - ਸੰਬੰਧਤ ਹੋਣਗੀਆਂ।

ਵਿਭਿੰਨਤਾਵਾਂ ਜਿਵੇਂ ਕਿ ਵੱਖ-ਵੱਖ ਯੋਗਤਾਵਾਂ, ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ, ਲਿੰਗ ਸਮਾਨਤਾ ਆਦਿ ਵਾਲੇ ਬੱਚਿਆਂ ਦੀਆਂ ਸਿੱਖਲਾਈ ਦੀਆਂ ਲੋੜਾਂ ਨਾਲ ਸੰਬੰਧਿਤ ਹੈ।

ਕਿਤਾਬ 2 ਅਤੇ 3 ਵਿੱਚ ਗਤੀਵਿਧੀਆਂ ਅਤੇ ਵਰਕਸ਼ੀਟਾਂ ਨਿਪੁੰਨ ਭਾਰਤ ਦਸਤਾਵੇਜ਼ ਦੁਆਰਾ ਪਰਿਭਾਸ਼ਿਤ ਤਿੰਨ ਵਿਆਪਕ ਸਿੱਖਣ ਦੇ ਟੀਚਿਆਂ ’ਤੇ ਆਧਾਰਿਤ ਹਨ:

1) ਟੀਚਾ 1: ਬੱਚੇ ਚੰਗੀ ਸਿਹਤ ਅਤੇ ਤੰਦਰੁਸਤੀ ਬਣਾਈ ਰੱਖਦੇ ਹਨ
2) ਟੀਚਾ 2: ਬੱਚੇ ਪ੍ਰਭਾਵਸ਼ਾਲੀ ਸੰਚਾਰਕ ਹੁੰਦੇ ਹਨ
3) ਟੀਚਾ 3: ਬੱਚੇ ਭਾਵੁਕ ਤੌਰ ’ਤੇ ਸਿਖਲਾਈ ਲੈਣ ਵਿੱਚ ਆਪਣੇ ਆਲੇ-ਦੁਆਲੇ ਨਾਲ ਜੁੜੇ ਹੋਏ ਹਨ।

ਇਹ ਦਸਤਾਵੇਜ਼ ਵੱਖ-ਵੱਖ ਆਪਸੀ ਗੱਲ-ਬਾਤ ਸੰਬੰਧੀ ਗਤੀਵਿਧੀਆਂ ’ਤੇ ਅਧਾਰਤ ਹੈ। ਇਸ ਵਿੱਚ ਬੱਚਿਆਂ ਨੂੰ ਭਾਸ਼ਾ ਦੀ ਸਾਖਰਤਾ, ਗਣਿਤਿਕ ਸੋਚ, ਤਰਕਸ਼ੀਲ ਸੋਚ,ਸਮੱਸਿਆ ਹੱਲ ਕਰਨਾ ਅਤੇ ਵਾਤਾਵਰਣ ਪ੍ਰਤੀ ਜਾਗਰੂਕਤਾ ਨੂੰ ਏਕੀਕ੍ਰਿਤ ਤਰੀਕੇ ਨਾਲ ਸਿੱਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।NEP 2020 ਦੁਆਰਾ ਸੁਝਾਏ ਗਏ ਬੱਚੇ ਦੇ ਸੰਪੂਰਨ ਵਿਕਾਸ ਨੂੰ ਯਕੀਨੀ ਬਣਾਉਣ ਲਈ, ਰੋਜ਼ਾਨਾ ਰੁਟੀਨ ਵਿੱਚ ਸ਼ਾਮਲ ਹਨ:

- ਦੂਆ ਸਲਾਮ ਕਰਨੀ ਅਤੇ ਮਿਲਣਾ / ਸਵੇਰ ਦਾ ਸਮਾਂ
- ਖੁੱਲ੍ਹੀ ਖੇਡ
- ਸੰਖਿਆ ਸਾਖਰਤਾ / ਆਲੇ ਦੁਆਲੇ ਪ੍ਰਤੀ ਜਾਗਰੂਕਤਾ ਅਤੇ ਵਿਗਿਆਨਕ ਸੋਚ
- ਬਾਹਰੀ ਖੇਡ / ਅੰਗਾਂ ਦਾ ਤਾਲਮੇਲ ਦੇ ਹੁਨਰ ਦਾ ਵਿਕਾਸ
- ਭਾਸ਼ਾ ਅਤੇ ਸਾਖਰਤਾ ਵਿਕਾਸ ਗਤੀਵਿਧੀਆਂ
- ਮੌਖਿਕ ਭਾਸ਼ਾ ਦਾ ਵਿਕਾਸ

ਜਿਵੇਂ ਕਿ ਅਸੀਂ ਪੂਰੇ ਬੱਚੇ ਦੇ ਵਿਕਾਸ ਨੂੰ ਸਮਝਣਾ ਚਾਹੁੰਦੇ ਹਾਂ, ਇਸ ਲਈ ਸਾਨੂੰ ਜਾਣਕਾਰੀ ਇਕੱਠੀ ਕਰਨ ਲਈ ਵੱਖ-ਵੱਖ ਸਾਧਨਾਂ ਦੀ ਲੋੜ ਹੁੰਦੀ ਹੈ ਜਿਵੇਂ ਕਿ ਨਿਰੀਖਣ, ਬੱਚਿਆਂ ਦੀ ਸ਼੍ਰੇਣੀ ਅਨੁਸਾਰ ਰਚਨਾਤਮਕ ਕੰਮ, ਸਵਾਲ ਪੁੱਛਣਾ, ਕਹਾਣੀਆਂ ਦੇ ਰਿਕਾਰਡ ਆਦਿ। ਇਹ ਸੂਝ-ਬੂਝ ਅਤੇ ਬੱਚਿਆਂ ਦੇ ਕੰਮ ਦੇ ਨਮੂਨੇ ਸਾਨੂੰ ਬੱਚਿਆਂ ਦੇ ਵਿਕਾਸ ਬਾਰੇ ਵਿਅਕਤੀਗਤ ਤੇ ਸਹੀ ਤਰੀਕੇ ਨਾਲ ਜਾਣਕਾਰੀ ਇੱਕਠੀ ਕਰਨ ਅਤੇ ਬੱਚੇ ਦੀ ਤਰੱਕੀ ਦੀ ਛੋਟੀ ਤੋਂ ਛੋਟੀ ਤੇ ਸਪਸ਼ਟ ਜਾਣਕਾਰੀ ਦੇਣ ਵਿੱਚ ਕਈ ਸਹਾਇਕ ਹਨ। ਇਸ ਲਈ ਬੱਚੇ ਦੀ ਕਾਰਗੁਜ਼ਾਰੀ ਦਾ ਨਿਰੀਖਣ ਕਰਦੇ ਰਹੋ ਅਤੇ ਤਿੰਨ ਮਹੀਨਿਆਂ ਦੌਰਾਨ ਆਪਣੇ ਨਿਰੀਖਣਾਂ ਨੂੰ ਨੋਟ ਕਰਦੇ ਰਹੋ। ਅਸੀਂ ਵਿਅਕਤੀਗਤ ਪੋਰਟਫੋਲੀਓ/ਵਿਭਾਗ ਬਣਾ ਕੇ ਤਿੰਨ ਮਹੀਨਿਆਂ ਵਿੱਚ ਬੱਚੇ ਦਾ ਵਿਕਾਸ ਦਾ ਰਿਕਾਰਡ ਰੱਖ ਸਕਦੇ ਹਾਂ। ਸ਼ੁਰੂਆਤੀ ਪੜਾਅ ਦੇ ਬੱਚਿਆਂ ਲਈ ਪੈਕੇਜ ਨੂੰ ਦਿਲਚਸਪ ਅਤੇ ਆਕਰਸ਼ਕ ਬਣਾਉਣ ਲਈ ਸੁਚੇਤ ਯਤਨ ਕੀਤੇ ਗਏ ਹਨ। ਇਹ ਪੈਕੇਜ ਸਾਡੇ ਅਧਿਆਪਕਾਂ ਲਈ ਸਕੂਲ ਨੂੰ ਪਹਿਲੀ ਜਮਾਤ ਦੇ ਬੱਚਿਆਂ ਲਈ ਤਿਆਰ ਕਰਨ ਵਿੱਚ ਮਦਦ ਕਰਨ ਲਈ ਇੱਕ ਪ੍ਰਭਾਵਸ਼ਾਲੀ ਸਰੋਤ ਵੀ ਸਾਬਤ ਹੋਵੇਗਾ। ਅਧਿਆਪਕ ਹੋਣ ਦੇ ਨਾਤੇ, ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਸਿੱਖਣ ਲਈ ਅਨੁਕੂਲ ਮਾਹੌਲ ਅਤੇ ਮਜ਼ਬੂਤ ਬੁਨਿਆਦੀ ਹੁਨਰ ਪ੍ਰਦਾਨ ਕਰੀਏ ਤਾਂ ਜੋ ਉਹਨਾਂ ਦੀ ਸਿਖਲਾਈ ਯਾਤਰਾ ਸ਼ੁਰੂ ਕੀਤੀ ਜਾ ਸਕੇ।

**ਡਾ. ਮੀਨਾ ਸਹਿਰਾਵਤ**
ਸਹਾਇਕ ਪ੍ਰੋਫੈਸਰ, ਪਾਠਕ੍ਰਮ ਅਤੇ ਪੈਡਾਗੋਜੀ ਵਿਭਾਗ
DIET ਘੁੰਮਣਹੇੜਾ, SCERT ਦਿੱਲੀ

# ਰਸੀਦ

**ਸਟੇਟ ਕਾਉਂਸਿਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ, ਸਮੱਗਰ ਸਿੱਖਿਆ, ਦਿੱਲੀ ਵੱਲੋਂ ਬੱਚਿਆਂ ਨੂੰ ਸਕੂਲ ਤਿਆਰ ਕਰਨ ਲਈ ਸਕੂਲੀ ਸਿੱਖਿਆ ਵਿੱਚ ਅੱਗੇ ਵੱਧ ਕੇ ਸਹਿਯੋਗ ਅਤੇ ਸਾਂਝਾ ਕਰਨ ਲਈ ਧੰਨਵਾਦੀ ਹੈ।** SCERT ਐਲੀਮੈਂਟਰੀ ਸਿੱਖਿਆ ਵਿਭਾਗ ਦੇ ਪ੍ਰੋਫੈਸਰ ਊਸ਼ਾ ਸ਼ਰਮਾ, NCERT, ਦਿੱਲੀ ਅਤੇ ਸ਼੍ਰੀਮਤੀ ਸਰਲਾ ਕੁਮਾਰੀ ਵਰਮਾ, ਅਸਿਸਟੈਂਟ ਪ੍ਰੋਫੈਸਰ, DEE NCERT ਦਿੱਲੀ ਅਤੇ ਸ਼੍ਰੀਮਤੀ ਅਨੀਤਾ ਮਿਸ਼ਰਾ ਸੇਵਾਮੁਕਤ ਵਾਇਸ ਪ੍ਰਿੰਸੀਪਲ ਦਾ ਉਨ੍ਹਾਂ ਦੇ ਮਾਰਗਦਰਸ਼ਨ ਅਤੇ ਸੁਝਾਵਾਂ ਲਈ ਤਹਿ ਦਿਲੋਂ ਧੰਨਵਾਦ ਕਰਦੀ ਹੈ। ਜਿਨ੍ਹਾਂ ਨੇ SCERT ਦਿੱਲੀ ਨੂੰ ਗਤੀਵਿਧੀ ਪੁਸਤਿਕਾ ਨੂੰ ਤਿਆਰ ਕਰਨ ਵਿੱਚ ਮਦਦ ਕੀਤੀ ਹੈ। ਕੌਂਸਲ ਸ਼੍ਰੀਮਤੀ ਸ਼ਿਲਪਾ ਗਰੇਵਾਲ, ਸਲਾਹਕਾਰ (LEP) ਅਤੇ ਸ਼੍ਰੀਮਤੀ ਨੇਹਾ ਕੁਮਾਰ, ਰਿਸੋਰਸ ਪਰਸਨ, SCERT ਦਿੱਲੀ ਦਾ ਧੰਨਵਾਦ ਕਰਦੀ ਹੈ, ਜਿਨ੍ਹਾਂ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਆਪਣਾ ਸਹਿਯੋਗ ਦਿੱਤਾ।

ਡਾ. ਨਾਹਰ ਸਿੰਘ

ਜੁਆਇੰਟ ਡਾਇਰੈਕਟਰ (ਅਕਾਦਮਿਕ), ਐਸ.ਸੀ.ਈ.ਆਰ.ਟੀ

# ਗ੍ਰੇਡ 1 ਲਈ ਤਿੰਨ ਮਹੀਨੇ ਦੇ ਖੇਡ ਅਧਾਰਿਤ ਸਕੂਲ ਤਿਆਰੀ ਮੋਡਿਊਲ ਲਈ ਦਿਸ਼ਾ-ਨਿਰਦੇਸ਼


| ਕ੍ਰਮ ਨੰ. | ਵਰਣਨ | ਪੰਨਾ ਨੰ. |
|---|---|---|
| 1. | ਸਕੂਲ ਦੀ ਤਿਆਰੀ ਕੀਤਾ ਹੈ? | 1 |
| 2. | ਗ੍ਰੇਡ 1 ਵਿੱਚ ਸਕੂਲ ਦੀ ਤਿਆਰੀ ਪਾਠਕ੍ਰਮ ਦੀ ਮਿਆਦ | 4 |
| 3. | ਉਦੇਸ਼ | 4 |
| 4. | ਸਕੂਲ ਅਤੇ ਪਰਿਵਾਰ ਵੱਲੋਂ ਤਿਆਰੀ | 5 |
| 5. | ਇਸ ਪ੍ਰੋਗਰਾਮ ਤੋਂ ਤੁਹਾਡੀਆਂ ਕੀ ਉਮੀਦਾਂ ਹਨ? | 6 |
| 6. | ਸਿਖਲਾਈ ਦੀ ਸਿੱਖਿਆ | 7 |
| 7. | ਖੇਡ ਦੀਆਂ ਕਿਸਮਾਂ | 9 |
| 8. | ਅਧਿਆਪਕ ਲਈ ਦਿਸ਼ਾ-ਨਿਰਦੇਸ਼/ਸੁਝਾਅ | 11 |
| 9. | ਰੋਜ਼ਮੱਰਾ ਦੀਆਂ ਗਤੀਵਿਧੀਆਂ | 14 |
| 10. | ਮੁਲਾਂਕਣ ਅਤੇ ਰਿਕਾਰਡ ਰੱਖਣਾ | 22 |
| 11. | ਗਤੀਵਿਧੀਆਂ ਦਾ ਅਦਾਨ-ਪ੍ਰਦਾਨ | 26 |
| 12. | ਹਫ਼ਤੇ ਅਨੁਸਾਰ ਅਨੁਸੂਚੀ ਦਾ ਨਮੂਨਾ | 28 |
| 13. | ਟਿੱਚਿਆਂ ਦਾ ਵਿਕਾਸ ਅਤੇ ਸਿਖਲਾਈ ਦੇ ਨਤੀਜੇ | 34 |

## ਸਕੂਲ ਦੀ ਤਿਆਰੀ ਕੀ ਹੈ?

ਸਕੂਲ ਦੀ ਤਿਆਰੀ ਦਾ ਮਤਲਬ ਹੈ ਬੱਚਿਆਂ ਨੂੰ ਸਕੂਲ ਵਿੱਚ ਸਫਲਤਾ ਅਤੇ ਬਾਅਦ ਦੇ ਜੀਵਨ ਦੌਰਾਨ ਸਫਲਤਾ ਪ੍ਰਾਪਤ ਲਈ ਲੋੜੀਂਦੇ ਹੁਨਰ ਅਤੇ ਗਿਆਨ ਦਾ ਮਾਹੌਲ ਦੇਣਾ। ਸਕੂਲ ਦੀ ਤਿਆਰੀ ਦਾ ਮਤਲਬ ਸਿਰਫ਼ ਕਲਾਸਰੂਮ ਅਨੁਸ਼ਾਸ਼ਨ, ਪਾਠ-ਪੜ੍ਹਨ ਤੇ ਗਣਿਤ ਦੇ ਪਾਠਕ੍ਰਮ ਤੱਕ ਹੀ ਸੀਮਤ ਨਹੀਂ ਹੈ।ਇਸਦੇ ਉਲਟ, ਸਕੂਲ ਦੀ ਤਿਆਰੀ ਦਾ ਮਤਲਬ ਹੈ ਬੱਚਿਆਂ ਨੂੰ ਸਮਾਜਿਕ-ਭਾਵਨਾਤਮਕ ਹੁਨਰ ਦੀ ਵਿਸ਼ਾਲ ਸ਼੍ਰੇਣੀ ਪ੍ਰਦਾਨ ਕਰਨਾ ਜਿਵੇਂ ਕਿ ਸਾਂਝ ਪਾਉਣਾ ਅਤੇ ਆਪਣਾ ਮਨ ਮੋੜ ਕੇ ਦੂਜਿਆਂ ਨਾਲ ਸਹਿਯੋਗ ਨਾਲ ਖੇਡਣ, ਨਿਰਦੇਸ਼ਾਂ ਦੀ ਪਾਲਣਾ ਕਰਨ ਲਈ, ਗੱਲਬਾਤ ਵਿੱਚ ਹਿੱਸਾ ਲੈਣ, ਵੱਖ-ਵੱਖ ਸਥਿਤੀਆਂ ਵਿੱਚ ਭਾਸ਼ਾ ਦੀ ਵਰਤੋਂ ਕਰਨਾ ਹੈ। ਸਾਖਰਤਾ ਅਤੇ ਸੰਖਿਆ ਦੀ ਬੁਨਿਆਦ ਰੱਖਦੇ ਹੋਏ, ਬੱਚਿਆਂ ਨੂੰ ਖੇਡ-ਅਧਾਰਿਤ ਗਤੀਵਿਧੀਆਂ ਵਿੱਚ ਸ਼ਾਮਲ ਕਰਕੇ, ਇੱਕ ਸਮੂਹ ਵਿੱਚ ਕੰਮ ਕਰਨ ਦੇ ਯੋਗ ਬਣਾਉਣਾ ਹੈ। ਨਵੀਂ ਰਾਸ਼ਟਰੀ ਸਿੱਖਿਆ ਨੀਤੀ (ਐੱਨ.ਈ.ਪੀ. 2020) ਇਹ ਸਪੱਸ਼ਟ ਕਰਦੀ ਹੈ ਕਿ ਮੁੱਢਲੇ ਪੜਾਅ 'ਤੇ ਸਿੱਖਣ ਲਈ 3 ਸਾਲ ਪ੍ਰੀ-ਪ੍ਰਾਇਮਰੀ ਅਤੇ 2 ਸਾਲ ਦੀ ਮੁੱਢਲੀ ਪੜ੍ਹਾਈ ਗੈਰ-ਰਸਮੀ ਅਤੇ ਖੇਡ ਆਧਾਰਿਤ ਹੋਣੀ ਚਾਹੀਦੀ ਹੈ। ਪ੍ਰੀ-ਪ੍ਰਾਇਮਰੀ ਦੇ ਆਖਰੀ ਸਾਲ ਨੂੰ **"ਬਾਲ ਵਾਟਿਕਾ"** ਕਿਹਾ ਗਿਆ ਹੈ ਜਿੱਥੇ ਇਹ ਯਕੀਨੀ ਬਣਾਉਣ ਲਈ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਬੱਚੇ ਸਕੂਲ ਦੀ ਤਿਆਰੀ ਦੇ ਸਾਰੇ ਜ਼ਰੂਰੀ ਹੁਨਰ ਹਾਸਲ ਕਰ ਲੈਣ। ਮੌਜੂਦਾ ਅਧਿਆਪਕ ਹੈਂਡਬੁੱਕ ਦਾ ਉਦੇਸ਼ ਅਧਿਆਪਕਾਂ ਨੂੰ ਕਲਾਸ 1 ਦੀ ਸ਼ੁਰੂਆਤ ਵਿੱਚ 3 ਮਹੀਨਿਆਂ ਦੇ ਸਕੂਲ ਦੀ ਤਿਆਰੀ ਪਾਠਕ੍ਰਮ ਨੂੰ ਲਾਗੂ ਕਰਨ ਵਿੱਚ ਮਦਦ ਕਰਨਾ ਹੈ। ਵਿਦਿਆ ਪ੍ਰਵੇਸ਼, 3 ਮਹੀਨਿਆਂ ਦੇ ਸਕੂਲ ਦੀ ਤਿਆਰੀ ਦਾ ਮਤਲਬ ਬੱਚੇ ਦੀ ਵਿਆਪਕ ਤਿਆਰੀ ਹੈ। ਸਾਖਰਤਾ ਅਤੇ ਸੰਖਿਆ ਤੋਂ ਕਈ ਹੁਨਰਾਂ ਨੂੰ ਸ਼ਾਮਲ ਕਰਨ ਵਾਲੇ ਬੱਚੇ ਦੀ।

**ਯੂਨੀਸੇਫ ਅਨੁਸਾਰ, ਸਕੂਲ ਦੀ ਤਿਆਰੀ: ਸੰਕਲਪਿਕ ਢਾਂਚਾ: ਸਕੂਲ ਦੀ ਤਿਆਰੀ ਦੇ ਵਿਸ਼ੇਸ਼ਤਾਵਾਂ ਦੁਆਰਾ ਪਰਿਭਾਸ਼ਿਤ:**

1. 'ਪਰਿਵਰਤਨ' ਅਤੇ

2. ‘ਯੋਗਤਾਵਾਂ ਹਾਸਲ ਕਰਨਾ’
ਅਤੇ ਤਿੰਨ ਮਾਪਦੰਡ ਜੋ ਹਨ :




(1) **ਸਕੂਲ ਜਾਣ ਵਾਲੇ ਬੱਚਿਆਂ ਦੀ ਤਿਆਰੀ,** ਬੱਚਿਆਂ ਦੀ ਸਿਖਲਾਈ ਅਤੇ ਵਿਕਾਸ ’ਤੇ ਕੇਂਦਰਤ ਕਰਨਾ ਹੈ।

(2) **ਬੱਚਿਆਂ ਲਈ ਸਕੂਲਾਂ ਦੀ ਤਿਆਰੀ,** ਸਕੂਲ ਦੇ ਵਾਤਾਵਰਣ ਦੇ ਨਾਲ ਬੱਚਿਆਂ ਲਈ ਪ੍ਰਾਇਮਰੀ ਸਕੂਲ ਵਿੱਚ ਸੁਚਾਰੂ ਤਬਦੀਲੀ ਸਾਰੇ ਬੱਚਿਆਂ ਦੀ ਸਿਖਲਾਈ ਨੂੰ ਉਤਸ਼ਾਹਿਤ ਕਰਨ ’ਤੇ ਧਿਆਨ ਕੇਂਦਰਤ ਕਰਨਾ ਹੈ।

(3) **ਸਕੂਲ ਲਈ ਪਰਿਵਾਰ ਅਤੇ ਭਾਈਚਾਰਿਆਂ ਦੀ ਤਿਆਰੀ** ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲੇ ਰਵੱਈਏ ’ਤੇ ਉਨਾਂ ਬੱਚਿਆਂ ਦੀ ਸ਼ੁਰੂਆਤੀ ਸਿਖਲਾਈ ਅਤੇ ਵਿਕਾਸ ਤੇ ਸਕੂਲ ਵਿੱਚ ਤਬਦੀਲੀ ’ਤੇ ਕੇਂਦਰਤ ਕਰਨਾ ਹੈ।

ਸਾਰੇ ਤਿੰਨ ਮਾਪਦੰਡ ਮਹੱਤਵਪੂਰਨ ਹਨ ਕਿਉਂਕਿ ਸਕੂਲ ਦੀ ਤਿਆਰੀ ਤਬਦੀਲੀ ਦਾ ਉਹ ਸਮਾਂ ਹੈ ਜੋ ਬੱਚਿਆਂ ਨੂੰ ਮਾਨਸਿਕ ਅਤੇ ਭਾਵਨਾਤਮਕ ਤੌਰ ’ਤੇ ਸਿੱਖਣ ਲਈ ਤਿਆਰ ਕਰਨ ਦੀ ਲੋੜ ਹੁੰਦੀ ਹੈ। ਥੌਰਨਡਾਈਕ ਦੇ ਅਨੁਸਾਰ, ਤਿਆਰੀ ਦਾ ਮਤਲਬ ਹੈ ਇੱਕ ਵਿਅਕਤੀ ਸਭ ਤੋਂ ਵਧੀਆਂ ਉਦੋਂ ਸਿੱਖਦਾ ਹੈ ਜਦੋਂ ਉਹ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੌਰ ’ਤੇ ਸਿੱਖਣ

ਲਈ ਤਿਆਰ ਹੁੰਦਾ ਹੈ । ਉਹ ਚੰਗੀ ਤਰ੍ਹਾਂ ਸਿੱਖ ਨਹੀਂ ਸਕਦੇ ਜਦੋਂ ਤੱਕ ਉਹ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੌਰ ’ਤੇ ਤੰਦਰੁਸਤ ਨਹੀਂ ਹੁੰਦੇ। ਇੱਕ ਅਧਿਆਪਕ ਬੱਚੇ ਨੂੰ ਉਦੋਂ ਤੱਕ ਸਿਖਾ ਨਹੀਂ ਸਕਦਾ ਜਦੋਂ ਤੱਕ ਉਹ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੌਰ ’ਤੇ ਸਿੱਖਣ ਲਈ ਤਿਆਰ ਨਹੀਂ ਹੁੰਦੇ। ਮਿਆਰੀ ਪ੍ਰੀ-ਪ੍ਰਾਇਮਰੀ ਸਿੱਖਿਆ ਦੀ ਮਹੱਤਤਾ ਨੂੰ ਹੁਣ ਵਿਸ਼ਵਵਿਆਪੀ ਤੌਰ ’ਤੇ ਸਵੀਕਾਰ ਕੀਤਾ ਗਿਆ ਹੈ ਕਿਉਂਕਿ ਨਿਊਰੋਸਾਇੰਸ ਵਿੱਚ ਨਵੀਨਤਮ ਖੋਜਾਂ ਨੇ ਸਾਨੂੰ ਦਿਖਾਇਆ ਹੈ ਕਿ ਸਾਡੇ ਦਿਮਾਗ ਦਾ ਲਗਭਗ 90% ਵਿਕਾਸ ਸਾਡੀ ਜ਼ਿੰਦਗੀ ਦੇ ਪਹਿਲੇ ਛੇ ਸਾਲਾਂ ਵਿੱਚ ਹੁੰਦਾ ਹੈ, ਜੀਵਨ ਭਰ ਪ੍ਰਭਾਵ ਪਾਉਂਦਾ ਹੈ। ਨੈਸ਼ਨਲ ਅਰਲੀ ਚਾਈਲਹੁੱਡ ਕੇਅਰ ਐਂਡ ਐਜੂਕੇਸ਼ਨ (NECCE) ਪਾਠਕ੍ਰਮ ਫਰੇਮਵਰਕ, ਜੋ ਕਿ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ (MWCD) ਦੁਆਰਾ ਵਿਕਸਿਤ ਕੀਤਾ ਗਿਆ ਹੈ। ਸਕੂਲ ਦੀ ਤਿਆਰੀ ਤੋਂ ਭਾਵ ਬੱਚਿਆਂ ਨੂੰ ਸਕੂਲ ਨੂੰ ਅਤੇ ਪਰਿਵਾਰ ਨੂੰ ਤਿਆਰ ਕਰਨਾ ਹੈ। ਪਰਿਵਾਰ ਵਿੱਚ ਲੋੜੀਂਦੇ ਹੁਨਰਾਂ ਅਤੇ ਯੋਗਤਾਵਾਂ ਦੇ ਰੂਪ ਵਿੱਚ ਪਰਿਭਾਸ਼ਿਤ ਕਰਦਾ ਹੈ। ਪ੍ਰੀ-ਸਕੂਲ ਤੋਂ ਪ੍ਰਾਇਮਰੀ ਸਕੂਲ ਤੱਕ ਬੱਚਿਆਂ ਦੇ ਨਿਰਵਿਘਨ ਤਬਦੀਲੀ ਲਈ ਵਿਕਾਸ ਦੇ ਸਾਰੇ ਖੇਤਰਾਂ ਵਿੱਚ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਂਦੀਆਂ ਹਨ।



## ਗ੍ਰੇਡ 1 ਵਿੱਚ ਸਕੂਲ ਦੀ ਤਿਆਰੀ ਪਾਠਕ੍ਰਮ ਦੀ ਮਿਆਦ

ਗ੍ਰੇਡ 1 ਵਿੱਚ 3 ਮਹੀਨਿਆਂ ਦਾ ਪਾਠਕ੍ਰਮ ਉਦੋਂ ਤੱਕ ਇੱਕ ਅੰਤਰਿਮ ਉਪਾਅ ਹੈ ਜਦੋਂ ਤੱਕ ਬਾਲਵਾਟਿਕਾ ਦਾ ਸਰਵ - ਵਿਆਪੀਕਰਨ ਨਹੀਂ ਹੋ ਜਾਂਦਾ ਅਤੇ 3 ਸਾਲਾਂ ਲਈ ਮਿਆਰੀ ਪ੍ਰੀ-ਸਕੂਲ ਸਿੱਖਿਆ ਸਾਰੇ ਬੱਚਿਆਂ ਨੂੰ ਜਾਂ ਤਾਂ ਆਂਗਣਵਾੜੀਆਂ ਰਾਹੀਂ ਜਾਂ ਸਕੂਲ ਪ੍ਰਣਾਲੀ ਰਾਹੀਂ ਉਪਲਬਧ ਕਰਾਈ ਜਾਂਦੀ ਹੈ। ਇਹ 3 ਮਹੀਨਿਆਂ ਦਾ ਪਾਠਕ੍ਰਮ ਇਹ ਯਕੀਨੀ ਬਣਾਉਣ ਲਈ ਹੈ ਕਿ ਕਲਾਸ 1 ਵਿੱਚ ਦਾਖਲ ਹੋਣ ਵਾਲੇ ਸਾਰੇ ਬੱਚਿਆਂ ਦੀ ਸਹੀ ਸ਼ੁਰੂਆਤ ਹੋਵੇ। ਕਿਉਂਕਿ ਇਹ ਜ਼ਰੂਰੀ ਨਹੀਂ ਹੈ ਕਿ ਸਾਰੇ ਬੱਚਿਆਂ ਨੇ ਪ੍ਰੀ-ਸਕੂਲ ਦੀ ਸਿੱਖਿਆ ਪ੍ਰਾਪਤ ਕੀਤੀ ਹੋਵੇ।ਕਲਾਸ 1 ਵਿੱਚ ਦਾਖ਼ਲ ਹੋਣ ਵਾਲੇ ਬੱਚੇ ਵੱਖੋ-ਵੱਖਰੇ ਸਮਾਜਿਕ, ਸੱਭਿਆਚਾਰਕ, ਸਮਦਾਇ, ਭਾਸ਼ਾਈ ਅਤੇ ਆਰਥਿਕ ਪਿਛੋਕੜ ਤੋਂ ਆਉਂਦੇ ਹਨ। ਇਸ ਲਈ ਸਮਾਨ ਦ੍ਰਿਸ਼ਟੀਕੋਣ ਅਪਣਾ ਕੇ ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਉਹ ਸਾਰੇ ਬੁਨਿਆਦੀ ਹੁਨਰ ਅਤੇ ਯੋਗਤਾਵਾਂ ਪ੍ਰਾਪਤ ਕਰਨ ਜੋ ਸਫ਼ਲਤਾ ਪ੍ਰਾਪਤ ਕਰਨ ਲਈ ਜ਼ਰੂਰੀ ਹਨ। ਬਾਅਦ ਦੇ ਜੀਵਨ ਵਿੱਚ 3 ਮਹੀਨਿਆਂ ਦੇ ਪਾਠਕ੍ਰਮ ਵਿੱਚ ਰੋਜ਼ਾਨਾ ਦੀਆਂ ਗਤੀਵਿਧੀਆਂ ਸੰਬੰਧੀ ਸੁਝਾਅ ਦੇਣ ਵਾਲੀ ਸਮਾਂ-ਸਾਰਣੀ ਵੀ ਸ਼ਾਮਲ ਹੈ ਜੋ ਨਿਪੁੰਨ ਭਾਰਤ ਵਿੱਚ ਦਿੱਤੇ ਗਏ ਸਿੱਖਿਆ ਦੇ 3 ਵਿਆਪਕ ਟੀਚਿਆਂ ਨਾਲ ਮੇਲ ਖਾਂਦੀਆਂ ਹਨ, ਅਰਥਾਤ ਬੱਚੇ ਚੰਗੀ ਸਿਹਤ ਅਤੇ ਤੰਦਰੁਸਤੀ ਬਣਾਈ ਰੱਖਦੇ ਹਨ (HW), ਬੱਚੇ ਪ੍ਰਭਾਵਸ਼ਾਲੀ ਸੰਚਾਰਕ (EC) ਬਣਦੇ ਹਨ।ਇਸ ਵਿੱਚ ਸ਼ਾਮਲ ਬੱਚੇ ਸਿਖਲਾਈ ਪ੍ਰਾਪਤ ਕਰਨ ਵਾਲੇ ਬਣ ਜਾਂਦੇ ਹਨ ਅਤੇ ਆਪਣੇ ਆਲੇ ਦੁਆਲੇ ਨਾਲ ਜੁੜਦੇ ਹਨ। (IL)

## ਉਦੇਸ਼

3 ਮਹੀਨਿਆਂ ਦੇ ਪਾਠਕ੍ਰਮ ਦਾ ਉਦੇਸ਼ ਬੱਚਿਆਂ ਨੂੰ ਤਣਾਅ-ਮੁਕਤ, ਅਨੰਦਮਈ, ਸੁਆਗਤ ਕਰਨ ਵਾਲੇ ਅਤੇ ਇੱਕ ਸਾਂਝੇ ਸਿੱਖਣ ਵਾਲੇ ਮਾਹੌਲ ਤੱਕ ਪਹੁੰਚ ਕੇ ਗ੍ਰੇਡ 1 ਦੇ ਨਿਰਧਾਰਤ ਪਾਠਕ੍ਰਮ ਵਿੱਚ ਇੱਕ ਸੁਚਾਰੂ ਤਬਦੀਲੀ ਕਰਨ ਵਿੱਚ ਮਦਦ ਕਰਨਾ ਹੈ। ਇਹ ਮੌਜੂਦਾ ਸੰਦਰਭ ਵਿੱਚ ਬਹੁਤ ਮਹੱਤਵਪੂਰਨ ਹੈ ਕਿਉਂਕਿ ਲੰਬੇ ਸਮੇਂ ਤੱਕ ਸਕੂਲ ਬੰਦ ਰਹਿਣ ਕਰਕੇ ਬੱਚਿਆਂ ਦੀ ਸਮੁੱਚੀ ਤੰਦਰੁਸਤੀ ਅਤੇ ਵਿਕਾਸ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਨੂੰ ਸਮਾਂ ਚਾਹੀਦਾ ਹੈ ਤਾਲਮੇਲ ਬਠਾਉਣ ਲਈ ਅਤੇ ਸਮਾਜਿਕ ਅਤੇ ਸੰਕਲਪਿਕ ਸਿਖਲਾਈ ਦੀ ਪੂਰਤੀ ਲਈ ਲੋੜੀਂਦੇ ਸਮੇਂ ਦੀ ਜਰੂਰਤ ਹੈ। ਦਿੱਲੀ ਦੇ ਸਕੂਲਾਂ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਵਿਭਿੰਨ ਪਿਛੋਕੜ ਵਾਲੇ ਬੱਚੇ ਆਉਂਦੇ ਹਨ, ਜੋ ਸੱਭਿਆਚਾਰ, ਸਮੁਦਾਇ, ਭਾਸ਼ਾਵਾਂ ਵਿਅਕਤੀਗਤਾਂ ਦੀ ਵਿਸ਼ਾਲ ਵਿਭਿੰਨਤਾ

ਲਿਆਉਂਦੇ ਹਨ। ਸਕੂਲ ਦੀ ਤਿਆਰੀ ਦਾ ਪਾਠਕ੍ਰਮ ਜੋ ਕਿ ਗ਼ੈਰ ਰਸਮੀ ਖੇਡ-ਅਧਾਰਿਤ ਦ੍ਰਿਸ਼ਟੀਕੋਣ ਉਹਨਾਂ ਨੂੰ ਸਕੂਲ ਦੇ ਮਾਹੌਲ ਵਿੱਚ ਸਮਯੋਜਿਤ ਕਰਨ ਲਈ ਸਮਾਂ ਦੇ ਕੇ ਸੁਰੱਖਿਆ, ਸਹਿਮਤੀ ਅਤੇ ਆਤਮ ਵਿਸ਼ਵਾਸ਼ ਦੀ ਭਾਵਨਾ ਪ੍ਰਦਾਨ ਕਰੇਗਾ।

ਤਿੰਨ ਮਹੀਨਿਆਂ ਦੇ ਤਿਆਰੀ ਮਾਡਿਊਲ ਦੇ ਉਦੇਸ਼ ਹਨ:

1. ਵਿਭਿੰਨ ਪਿਛੋਕੜ ਵਾਲੇ ਗ੍ਰੇਡ – 1 ਵਿੱਚ ਆਉਣ ਵਾਲੇ ਬੱਚਿਆਂ ਵਿੱਚ ਸਕੂਲੀ ਤਿਆਰੀ ਨੂੰ ਉਤਸ਼ਾਹਿਤ ਕਰਨਾ।

2. ਗਰੇਡ – 1 ਵਿੱਚ ਬੱਚਿਆਂ ਦੀ ਸੁਚਾਰੂ ਤਬਦੀਲੀ ਨੂੰ ਯਕੀਨੀ ਬਣਾਉਣਾ।

3. ਬੱਚਿਆਂ ਨੂੰ ਬੋਧਾਤਮਕ ਅਤੇ ਭਾਸ਼ਾਈ ਯੋਗਤਾਵਾਂ ਦੇ ਨਾਲ ਤਿਆਰ ਕਰਨ ਲਈ ਖੇਡ ਅਧਾਰਿਤ ਦ੍ਰਿਸ਼ਟੀਕੋਣ ਅਪਣਾ ਕੇ ਪੜ੍ਹਨਾ, ਲਿਖਣਾ ਅਤੇ ਸੰਖਿਆ ਗਿਆਨ ਦੀ ਭਾਵਨਾ ਨੂੰ ਵਿਕਸਿਤ ਲਈ ਲੋੜੀਂਦੀਆਂ ਹਨ।

## ਸਕੂਲ ਦੀ ਤਿਆਰੀ ਵਿੱਚ ਪਰਿਵਾਰ ਅਤੇ ਸਕੂਲ ਦੀ ਜ਼ਿੰਮੇਵਾਰੀ

ਬੱਚਿਆਂ ਨੂੰ ਸਕੂਲ ਦੇ ਨਾਲ-ਨਾਲ ਘਰਾਂ ਵਿੱਚ ਵਧੀਆਂ ਢੰਗ ਨਾਲ ਵਿਕਾਸ ਕਰਨ ਲਈ ਇੱਕ ਸਹਾਇਕ ਵਾਤਾਵਰਨ ਦੀ ਲੋੜ ਹੁੰਦੀ ਹੈ। ਅਧਿਆਪਕਾਂ ਨੂੰ ਪ੍ਰੀ-ਪ੍ਰਾਇਮਰੀ ਸਿੱਖਿਆ ਦੀ ਮਹੱਤਤਾ ਅਤੇ ਉਨ੍ਹਾਂ ਦੇ ਵਿਕਾਸ ਲਈ ਖੇਡ ਆਧਾਰਿਤ ਗਤੀਵਿਧੀਆਂ ਰਾਹੀ ਛੋਟੇ ਬੱਚਿਆਂ ਨਾਲ ਕਿਵੇਂ ਨਜਿੱਠਣਾ ਹੈ, ਬਾਰੇ ਜਾਣੂ ਹੋਣਾ ਚਾਹੀਦਾ ਹੈ। ਸਕੂਲਾਂ ਨੂੰ ਇੱਕ ਨਿੱਘਾ ਅਤੇ ਸਿੱਖਣ ਵਾਲਾ ਮਾਹੌਲ ਬਣਾਉਣ ਦਾ ਧਿਆਨ ਰੱਖਣਾ ਚਾਹੀਦਾ ਹੈ ਜੋ ਸਕੂਲ ਆਉਣ ਵਾਲੇ ਸਾਰੇ ਬੱਚਿਆਂ ਦੀ ਸਿਖਲਾਈ ਲਈ ਅਨੁਕੂਲ ਹੋਵੇ। ਸਕੂਲਾਂ ਨੂੰ ਇੱਕ ਸੰਤੁਲਿਤ ਖੇਡ ਅਤੇ ਗਤੀਵਿਧੀ ਅਧਾਰਿਤ ਪਾਠਕ੍ਰਮ, ਅਧਿਆਪਨ ਸਿੱਖਣ ਸਮੱਗਰੀ, ਖੇਡ ਸਮੱਗਰੀ, ਕਿਤਾਬਾਂ ਅਤੇ ਬੱਚਿਆਂ ਲਈ ਸਮੂਹਾਂ ਵਿੱਚ ਜਾਂ ਵਿਅਕਤੀਗਤ ਤੌਰ 'ਤੇ ਵੱਖ-ਵੱਖ ਕਿਸਮਾਂ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੇ ਮੌਕੇ ਦੇ ਨਾਲ ਇੱਕ ਸਿੱਖਣ ਦਾ ਮਾਹੌਲ ਪ੍ਰਦਾਨ ਕਰਨ ਲਈ ਢੁੱਕਵੀਂ ਦੇਖਭਾਲ ਕਰਨੀ ਚਾਹੀਦੀ ਹੈ।

ਸਕੂਲਾਂ ਨੂੰ ਮਾਪਿਆਂ ਨਾਲ ਲਗਾਤਾਰ ਰਾਬਤਾ ਰੱਖਣ ਦਾ ਵੀ ਯਤਨ ਕਰਨਾ ਚਾਹੀਦਾ ਹੈ। ਘਰ ਦਾ ਸਹਾਇਕ ਤੇ ਉਤਸ਼ਾਹਿਤ ਕਰਨ ਵਾਲਾ ਮਾਹੌਲ ਸਕੂਲ ਦੀ ਪ੍ਰਾਇਮਰੀ ਅਤੇ ਉਸ ਤੋਂ ਬਾਅਦ ਦੇ ਵਾਸੀ ਸਿਖਲਾਈ ਦਾ ਮਹੱਤਵਪੂਰਨ ਪੱਖ ਹੈ।

ਅਧਿਆਪਕ ਮਾਪਿਆਂ ਨੂੰ ਇਸ ਬਾਰੇ ਮਾਰਗਦਰਸ਼ਨ ਕਰ ਸਕਦੇ ਹਨ ਕਿ ਘਰ ਵਿੱਚ ਸਾਧਾਰਨ ਗਤੀਵਿਧੀਆਂ ਰਾਹੀਂ ਬੱਚਿਆਂ ਕੀਤੀ ਜਾ ਸਕੇ। ਸਧਾਰਣ ਘਰੇਲੂ ਕੰਮਾਂ ਵਿੱਚ ਹਿੱਸਾ ਲੈ ਕੇ ਬੱਚੇ ਬੋਧ ਅਤੇ ਸਮਾਜਿਕ- ਭਾਵਨਾਤਮਕ ਸਿੱਖਿਆ ਨਾਲ ਸੰਬੰਧਤ ਮਹੱਤਵਪੂਰਨ ਹੁਨਰ ਸਿੱਖ ਸਕਦੇ ਹਨ ਜਿਵੇਂ ਧਿਆਨ ਭਟਕਾਏ ਬਿਨਾਂ ਕਿਸੇ ਕੰਮ 'ਤੇ ਧਿਆਨ ਕੇਂਦਰਿਤ ਕਰਨ ਦੇ ਮਹੱਤਵਪੂਰਨ ਸਾਰੇ ਸਕੂਲ ਤਿਆਰੀ ਹੁਨਰ ਹਨ।

## ਇਸ ਪ੍ਰੋਗਰਾਮ ਤੋਂ ਤੁਹਾਡੀਆਂ ਕੀ ਉਮੀਦਾਂ ਹਨ?

ਪ੍ਰੋਗਰਾਮ ਦਾ ਉਦੇਸ਼ ਬੱਚਿਆਂ ਵਿੱਚ ਸਕੂਲ ਦੀ ਤਿਆਰੀ ਦੇ ਹੁਨਰ ਨੂੰ ਵਿਕਸਿਤ ਕਰਨਾ ਹੈ। ਬੱਚੇ ਸਕੂਲ ਲਈ ਤਿਆਰ ਹਨ, ਸਿੱਖਣ ਲਈ ਉਤਸੁਕ ਹਨ ਅਤੇ ਕਈ ਤਰ੍ਹਾਂ ਦੇ ਕੰਮ ਕਰਨ ਦੇ ਯੋਗ ਹਨ, ਚੰਗੇ ਸੰਚਾਰ ਹੁਨਰ ਹਨ ਅਤੇ ਹੋਰ ਭਾਸ਼ਾਵਾਂ ਸਿੱਖਣ ਲਈ ਤਿਆਰ ਹਨ। ਇਸ ਤਰ੍ਹਾਂ ਉਹ ਮਨੋਵਿਗਿਆਨਕ ਅਤੇ ਅਕਾਦਮਿਕ ਤੌਰ 'ਤੇ ਕਲਾਸ 1 ਦੇ ਰਸਮੀ ਨਿਰਧਾਰਤ ਸਿਲੇਬਸ 'ਤੇ ਜਾਣ ਲਈ ਤਿਆਰ ਹਨ। ਇਸ ਲਈ SCERT ਦਿੱਲੀ ਨੇ ਇੱਕ ਨਮੂਨਾ ਕੈਲੰਡਰ ਤਿਆਰ ਕੀਤਾ ਹੈ ਜੋ ਬੱਚਿਆਂ ਨਾਲ ਕਿਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਉਂਣੀਆਂ ਹਨ, ਇਸ ਬਾਰੇ ਇੱਕ ਸੋਧ ਦੇ ਤੌਰ 'ਤੇ ਕੰਮ ਕਰੇਗਾ। ਵੱਖ-ਵੱਖ ਕਿਸਮਾਂ ਦੀਆਂ ਗਤੀਵਿਧੀਆਂ ਦਾ ਸੰਤੁਲਨ ਹੋਣਾ ਚਾਹੀਦਾ ਅਤੇ ਕੁਝ ਕਾਰਜ ਅਧਿਆਪਕ ਦੁਆਰਾ ਅਤੇ ਕੁਝ ਬੱਚਿਆਂ ਦੁਆਰਾ ਸ਼ੁਰੂ ਕੀਤੇ ਜਾ ਸਕਦੇ ਹਨ। ਸਾਰੇ ਸਰੀਰਕ ਅੰਗਾਂ ਦਾ ਵਧੀਆ ਤਾਲਮੇਲ ਕੀਤੇ ਜਾਣ। ਗਤੀਵਿਧੀਆਂ ਨੂੰ ਵਿਕਾਸ ਦੇ ਸਾਰੇ ਭਾਗ ਜਿਵੇਂ ਕਿ (Gross & Fine Motor Sel ) , ਬੋਧਾਤਮਕ, ਭਾਸ਼ਾ, ਸਮਾਜਿਕ-ਭਾਵਨਾਤਮਕ ਅਤੇ ਸਿਰਜਣਾਤਮਕ-ਸੁਹਜ ਨੂੰ ਪੂਰਾ ਕਰਨਾ ਚਾਹੀਦਾ ਹੈ ਅਤੇ NCERT ਅਤੇ NIPUN Bharat ਦੁਆਰਾ ਪਰਿਭਾਸ਼ਿਤ ਤਿੰਨ ਵਿਆਪਕ ਸਿੱਖਣ ਟੀਚਿਆਂ ਦੇ ਤਹਿਤ ਮੁੱਖ ਹੁਨਰ ਅਤੇ ਸੰਕਲਪਾਂ ਨੂੰ ਵਿਕਸਤ ਕਰਨਾ ਚਾਹੀਦਾ ਹੈ।

(1) ਉਦੇਸ਼ 1 : ਬੱਚੇ ਚੰਗੀ ਸਿਹਤ ਅਤੇ ਤੰਦਰੁਸਤੀ ਬਰਕਰਾਰ ਰੱਖਣਾ।

(2) ਉਦੇਸ਼ 2 : ਬੱਚੇ ਦਾ ਪ੍ਰਭਾਵਸ਼ਾਲੀ ਸੰਚਾਰਕ ਹੋਣਾ।

(3) ਉਦੇਸ਼ 3 : ਬੱਚਿਆਂ ਦਾ ਸਿਖਲਾਈ ਵਿੱਚ ਸ਼ਾਮਲ ਹੋਣਾ।

| | |
|---|---|
| **ਉਦੇਸ਼ 1 ਵਿਕਾਸ ਸੰਬੰਧੀ** | • ਬੱਚੇ ਚੰਗੀ ਸਿਹਤ ਅਤੇ ਤੰਦਰੁਸਤੀ ਬਣਾਈ ਰੱਖਣਾ।<br>• ਸਰੀਰਕ ਅੰਗਾਂ ਦੇ ਤਾਲਮੇਲ ਦਾ ਵਿਕਾਸ, ਸਮਾਜਿਕ ਭਾਵਨਾਤਮਕ ਵਿਕਾਸ, ਪੋਸ਼ਣ, ਸੁਰੱਖਿਆ, ਸਫਾਈ ਅਤੇ ਸਵੱਛਤਾ ਲਈ ਅਨੁਭਵ। |
| **ਉਦੇਸ਼ 2 ਵਿਕਾਸ ਸੰਬੰਧੀ** | • ਬੱਚੇ ਦਾ ਪ੍ਰਭਾਵੀ ਸੰਚਾਰਕ ਬਣਨਾ।<br>• ਭਾਸ਼ਾ ਅਤੇ ਸਾਖਰਤਾ ਦੀ ਬੁਨਿਆਦ ਬਣਾਉਣ ਲਈ ਬੱਚਿਆਂ ਨੂੰ ਸਿਖਲਾਈ ਵਿੱਚ ਸ਼ਾਮਲ ਕਰਨਾ। |
| **ਉਦੇਸ਼ 3 ਵਿਕਾਸ ਸੰਬੰਧੀ** | • ਬੱਚੇ ਸਿੱਖਣ ਵਾਲੇ ਸਿਖਿਆਰਥੀ ਬਣਕੇ ਅਤੇ ਆਪਣੇ ਨਜ਼ਦੀਕੀ ਵਾਤਾਵਰਣ ਨਾਲ ਜੁੜਦੇ ਹਨ।<br>• ਬੱਚਿਆਂ ਵਿੱਚ ਅੰਕ ਗਿਆਨ ਦੀ ਬੁਨਿਆਦ ਬਣਾਉਣਾ ਅਤੇ ਭੌਤਿਕ ਸਮਾਜਿਕ ਅਤੇ ਕੁਦਰਤੀ ਵਾਤਾਵਰਣ ਨੂੰ ਕਰਕੇ ਅੰਤਰ-ਸੰਬੰਧਤ ਨਿਰਦੇਸ਼ ਦੇਣਾ ਹੈ। |

ਇਹ ਵਿਕਾਸ ਦੇ ਟੀਚੇ ਆਪਸ ਵਿੱਚ ਜੁੜੇ ਹੋਏ ਹਨ ਅਤੇ ਇੱਕ ਦੂਜੇ ਉੱਤੇ ਨਿਰਭਰ ਹਨ। ਇਹ ਬੱਚਿਆਂ ਦੇ ਸੰਪੂਰਨ ਵਿਕਾਸ ਨੂੰ ਯਕੀਨੀ ਬਣਾਉਣ ਲਈ ਯੋਗਤਾਵਾਂ ਹਨ।

ਯੋਗਤਾਵਾਂ ਅਤੇ ਸਿੱਖਣ ਦੇ ਨਤੀਜੇ ਤਿੰਨ ਮਹੀਨਿਆਂ ਦੇ ਤਿਆਰੀ ਪ੍ਰੋਗਰਾਮ ਲਈ ਪ੍ਰੀ-ਸਕੂਲ ਸਿੱਖਿਆ। ਹੌਲੀ-ਹੌਲੀ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ।ਅਧਿਆਪਕ ਨੂੰ ਸਿਖਲਾਈ ਯੋਜਨਾ ਅਤੇ ਤਿੰਨੇ ਟੀਚਿਆਂ ਸੰਬੰਧੀ ਸਿਖਲਾਈ ਮੌਕਿਆਂ ਦਾ ਵਿਕਾਸ ਕੀਤਾ ਜਾਣਾ ਚਾਹੀਦਾ ਹੈ। ਵਿਕਾਸ ਦੇ ਟੀਚੇ, ਯੋਗਤਾਵਾਂ ਅਤੇ ਸਿੱਖਣ ਦੇ ਨਤੀਜੇ, ਸਿੱਖਣ ਦੇ ਤਜ਼ਰਬਿਆਂ, ਗਤੀਵਿਧੀਆਂ ਨੂੰ ਡਿਜਾਇਨ ਕਰਦੇ ਸਮੇਂ ਧਿਆਨ ਵਿੱਚ ਰੱਖੋ ਅਤੇ ਵਰਕਸ਼ੀਟਾਂ ਦੇ ਆਧਾਰ ਉੱਤੇ ਸਿੱਖਣ ਦੇ ਨਤੀਜੇ ਵਿਕਾਸ ਦੇ ਟੀਚੇ ਇਸ ਦੇ ਅਨੁਬੰਧ ਵਿੱਚ ਦਿੱਤੇ ਗਏ ਹਨ।

## ਸਿਖਲਾਈ ਦਾ ਸਿੱਖਿਆ ਸ਼ਾਸਤਰ

ਰਾਸ਼ਟਰੀ ਸਿੱਖਿਆ ਨੀਤੀ 2020 ਅਤੇ ਵਿਦਿਆ ਪ੍ਰਵੇਸ਼ ਦੁਆਰਾ (ਜੋ ਕਿ ਨਿਪੁੰਨ ਭਾਰਤ ਦਾ ਇੱਕ ਮਹੱਤਵਪੂਰਨ ਹਿੱਸਾ ਹੈ।

ਭਾਰਤ ਸਰਕਾਰ ਦੇ ਫਾਊਂਡੇਸ਼ਨਲ ਲਿਟਰੇਸੀ ਐਂਡ ਨੰਬਰੇਸੀ (FLN ਮਿਸ਼ਨ) ’ਤੇ ਰਾਸ਼ਟਰੀ ਮਿਸ਼ਨ, ਬੱਚਿਆਂ ਨੂੰ ਖੇਡ (ਅੰਦਰੂਨੀ/ ਆਊਟਡੋਰ), ਪੁੱਛ-ਗਿੱਛ ਆਧਾਰਿਤ ਸਿਖਲਾਈ, ਜਿਸ ਵਿੱਚ ਵਰਣਮਾਲਾ, ਭਾਸ਼ਾਵਾਂ, ਸੰਖਿਆਵਾਂ, ਬੁਝਾਰਤਾਂ, ਸੰਗੀਤ, ਡਰਾਮਾ ਅਤੇ ਕਠਪੁਤਲੀ, ਗਤੀਵਿਧੀ ਸ਼ਾਮਲ ਹੈ, ਨਾਲ ਜਾਣੂ ਕਰਵਾਉਣਾ ਹੈ। ਗ੍ਰੇਡ-1 ਲਈ ਨਿਰਧਾਰਿਤ ਪਾਠਕ੍ਰਮ ਵਿੱਚ ਗਤੀਵਿਧੀਆਂ ਨੂੰ ਪੇਸ਼ ਕਰਨ ਤੋਂ ਪਹਿਲਾਂ ਗ੍ਰੇਡ-1 ਦੇ ਸ਼ੁਰੂਆਤੀ ਤਿੰਨ ਮਹੀਨਿਆਂ ਜਾਂ 12 ਹਫ਼ਤਿਆਂ ਵਿੱਚ ਸਿੱਖਣ ਦੇ ਤਜ਼ਰਬਿਆਂ ’ਤੇ ਅਧਾਰਿਤ ਹੈ। ਇਸ ਲਈ ਸਕੂਲ ਦੀ ਤਿਆਰੀ ਪ੍ਰੋਗਰਾਮ ਲਈ ਪਾਠਕ੍ਰਮ ਬੋਧਾਤਮਕ, ਪ੍ਰਭਾਵੀ ਅਤੇ ਮਨੋਵਿਗਿਆਨਕ ਯੋਗਤਾਵਾਂ ਅਤੇ ਸ਼ੁਰੂਆਤੀ ਸਾਖਰਤਾ ਅਤੇ ਸੰਖਿਆਵਾਂ ਨੂੰ ਵਿਕਸਤ ਕਰਨ ਦੇ ਇਰਾਦੇ ਨਾਲ ਖੇਡ-ਅਧਾਰਿਤ ਸਿੱਖਿਆ ਸ਼ਾਸਤਰ ’ਤੇ ਅਧਾਰਿਤ ਹੋਣਾ ਚਾਹੀਦਾ ਹੈ।

## ਖੇਡ-ਅਧਾਰਿਤ ਸਿੱਖਿਆ ਸ਼ਾਸਤਰ

ਖੇਡ-ਆਧਾਰਿਤ ਸਿੱਖਿਆ ਸ਼ਾਸਤਰ ਸਾਰੇ ਬੱਚਿਆਂ ਲਈ ਸਿੱਖਣ ਲਈ ਇੱਕ ਅਨੰਦਮਈ, ਵਿਵੇਕਸ਼ੀਲ, ਨਿੱਘੇ ਸੁਆਗਤ, ਸਵੀਕਾਰ, ਖੁਸ਼ ਅਤੇ ਤਣਾਅ-ਮੁਕਤ ਮਾਹੌਲ ਬਣਾਉਣ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਇਹ ਬੱਚਿਆਂ ਦੀਆਂ ਵੱਖੋ ਵੱਖਰੀਆ ਕਾਬਲੀਅਤਾਂ, ਬੁੱਧੀ ਦੀ ਸਿਖਲਾਈ ਦੀਆਂ ਲੋੜਾਂ ਨੂੰ ਸੰਬੋਧਿਤ ਕਰਨ ਲਈ ਸੰਮਿਲਿਤ ਹੈ, ਸੋ ਹਾਸੀਏ ’ਤੇ ਰਹਿ ਗਏ ਸਮੂਹਾਂ ਨਾਲ ਸਬੰਧਤ ਹਨ। ਮਾਤ-ਭਾਸ਼ਾ ਜਾਂ ਘਰੇਲੂ ਭਾਸ਼ਾ ਵਿੱਚ ਸਿੱਖਣ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਅਤੇ ਜਿੰਨੀਆਂ ਵੀ ਭਾਸ਼ਾਵਾਂ ਬੱਚੇ ਕਲਾਸਰੂਮ ਵਿੱਚ ਲੈ ਕੇ ਆਉਂਦੇ ਹਨ, ਉਸ ਵਿੱਚ ਵੀ ਸ਼ਾਮਲ ਹੈ। ਭਾਰਤੀ ਸੰਕੇਤਕ ਭਾਸ਼ਾ (ਆਈ.ਐਸ.ਐਲ) ਸਮੇਤ।

ਖੇਡਣਾ ਇੱਕ ਕੀਮਤੀ ਅਤੇ ਆਨੰਦਦਾਇਕ ਗਤੀਵਿਧੀ ਹੈ। ਇਹ ਮਜੇਦਾਰ, ਭਾਵੁਕ, ਸਵੈ-ਚਾਲਤ, ਸਵੈ-ਸ਼ੁਰੂਆਤ ਅਤੇ ਉਦੇਸ਼ਪੂਰਨ ਅਤੇ ਇੱਕ ਪ੍ਰਕਿਰਿਆ ਹੋਣੀ ਚਾਹੀਦੀ ਹੈ ਜਿਸ ਰਾਹੀਂ ਬੱਚੇ ਬਿਨਾਂ ਪੜ੍ਹਾਏ ਸਿੱਖਦੇ ਹਨ (PIAGET, 2007) ਪਿਗੇਟ ਦੇ ਅਨੁਸਾਰ, ਖੇਡ ਇੱਕ ਅਜਿਹਾ ਸਾਧਨ ਹੈ ਜਿਸ ਦੁਆਰਾ ਬੱਚਾ ਅਮੂਰਤ ਸੋਚਣ ਦੀ ਯੋਗਤਾ ਹੋਵੇ ਪ੍ਰਾਪਤ ਕਰਨ ਤੋਂ ਪਹਿਲਾਂ ਸੰਕਲਪਾਂ ਨੂੰ ਵਿਕਸਤ ਅਤੇ ਸੁਧਾਰ ਸਕਦਾ ਹੈ।

ਫ੍ਰੀਡਰਿਚ ਫਰੋਏਬਲ ਦੇ ਅਨੁਸਾਰ, ਖੇਡ ਬਚਪਨ ਵਿੱਚ ਮਨੁੱਖੀ ਵਿਕਾਸ ਦਾ ਸਭ ਤੋਂ ਉੱਤਮ ਪ੍ਰਗਟਾਵਾ ਹੁੰਦਾ ਹੈ ਬੱਚੇ ਦੀ ਆਤਮਾ ਵਿੱਚਲੀ ਭਾਵਨਾ ਦਾ ਸੁਤੰਤਰ

ਪ੍ਰਗਟਾਵਾ ਹੈ। ਹਰ ਇੱਕ ਬੱਚਾ ਖੇਡਣਾ ਪਸੰਦ ਕਰਦਾ ਹੈ। ਇਹ ਬੱਚਿਆਂ ਦਾ ਮੂੜ ਸੁਰਜੀਤ ਕਰਦਾ ਹੈ ਅਤੇ ਇਹ ਉਹਨਾਂ ਦੀ ਕੁਦਰਤੀ ਪ੍ਰਵਿਰਤੀ ਹੈ। ਇਹ ਉਹਨਾਂ ਦੀ ਸਿੱਖਣ ਦੀ ਸਮਰੱਥਾ ਨੂੰ ਵਧਾਉਂਦੀ ਹੈ।

ਖੇਡਣਾ ਬੱਚਿਆਂ ਨੂੰ ਵਿਚਾਰਾਂ ਦੀ ਪੜਚੋਲ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ, ਨੈਸ਼ਨਲ ਪਲੇਇੰਗ ਫੀਲਡ ਐਸੋਸੋਏਸ਼ਨ (ਐਨ.ਪੀ.ਟੀ.ਏ.) ਦੇ ਅਨੁਸਾਰ ਬੱਚੇ ਖੇਡ ਰਾਹੀਂ ਜੀਵਨ ਦੇ ਮਹੱਤਵਪੂਰਨ ਸਬਕ ਅਤੇ ਚਰਿੱਤਰ ਵਿਕਾਸ ਜਿਵੇਂ ਕਿ ਸਵੀਕ੍ਰਿਤੀ, ਸਹਿਯੋਗ, ਧੀਰਜ, ਲਗਨ, ਦਿਆਲਤਾ, ਕੁਰਬਾਨੀ ਅਤੇ ਸਤਿਕਾਰ ਸਿੱਖਦੇ ਹਨ। ਇਹ ਵੱਖ-ਵੱਖ ਖੇਡ-ਆਧਾਰਿਤ ਗਤੀਵਿਧੀਆਂ 'ਤੇ ਆਧਾਰਿਤ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਕਿ ਤਿੰਨ ਮਹੀਨਿਆਂ ਦਾ ਪੈਕੇਜ਼ ਵੱਖ-ਵੱਖ ਖੇਡ ਗਤੀਵਿਧੀਆਂ 'ਤੇ ਆਧਾਰਤ ਹੈ।

## ਖੇਡ ਦੀਆਂ ਕਿਸਮਾਂ

- **ਖੁੱਲ੍ਹੀ ਖੇਡ –** ਇਸ ਕਿਸਮ ਦੀ ਖੇਡ ਵਿੱਚ ਬੱਚੇ ਦੀ ਸਿਰਫ ਅਗਵਾਈ ਕੀਤੀ ਜਾਂਦੀ ਹੈ ਅਤੇ ਕੋਈ ਸਪੱਸ਼ਟ ਉਦੇਸ਼ ਜਾਂ ਇਰਾਦੇ ਨਹੀਂ ਦੱਸੇ ਜਾਂਦੇ। ਅਜਿਹੀ ਖੇਡ ਬੱਚਿਆਂ ਨੂੰ ਲੋੜੀਂਦੀ ਖੁਦਮੁਖਤਿਆਰੀ ਅਤੇ ਆਜ਼ਾਦੀ ਪ੍ਰਦਾਨ ਕਰਦੀ ਹੈ ਜਿਸ ਨਾਲ ਉਨ੍ਹਾਂ ਦੀ ਪਛਾਣ ਵਿੱਚ ਇੱਛਾ, ਉਦੇਸ਼ ਅਤੇ ਯੋਗਤਾ ਦੇ ਗੁਣਾਂ ਦੇ ਵਿਕਾਸ ਦੀ ਆਗਿਆ ਹੁੰਦੀ ਹੈ।

- **ਢਾਚਾਂਗਤ ਖੇਡ –** ਇਸ ਕਿਸਮ ਦੀ ਖੇਡ ਪਰਿਭਾਸ਼ਿਤ ਉਦੇਸ਼ਾਂ ਸਹਿਤ ਹੁੰਦੀ ਹੈ। ਇਸ ਤਰ੍ਹਾਂ ਦੀ ਖੇਡ ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਲਈ ਨਿਯਮਾਂ ਅਤੇ ਢਾਂਚੇ ਦੀ ਮਹੱਤਤਾ ਨੂੰ ਸਮਝਣ ਦਾ ਮੌਕਾ ਪ੍ਰਦਾਨ ਕਰਦੀ ਹੈ ਅਤੇ ਇਸ ਲਈ ਆਲੇ-ਦੁਆਲੇ ਇੱਕ ਤਾਲਬੱਦ ਸਮਤ ਕਰਦੀ ਹੈ।

- **ਗਾਈਡਡ ਪਲੇ –** ਇਸ ਖੇਡ ਦਾ ਉਦੇਸ਼ ਮੁੱਖ ਤੌਰ 'ਤੇ ਬੱਚਿਆਂ ਦੇ ਲੋੜੀਂਦੇ ਵਿਕਾਸ ਨੂੰ ਉਹਨਾਂ ਦੇ ਨਜਦੀਕੀ ਵਿਕਾਸ ਖੇਤਰ ਵਿੱਚ ਮਦਦ ਕਰਨ ਲਈ ਜਾਣਕਾਰੀ ਸੀਨੀਅਰ ਪੀਅਰ ਦੀ ਸਹਾਇਤਾ ਨਾਲ ਉਹਨਾਂ ਦੀ ਵਿਚੋਲਗੀ ਕਰਨਾ ਹੈ।

- **ਸਹਿਕਾਰੀ ਖੇਡ –** ਸਹਿਯੋਗੀ ਖੇਡ ਖੇਡੀ ਜਾਂਦੀ ਹੈ ਤਾਂ ਬੱਚੇ ਆਪਣੇ ਸਮਾਜਿਕ ਹੁਨਰ ਨੂੰ ਹੋਰ ਵਿਕਸਤ ਕਰਦੇ ਹਨ। ਬੱਚੇ ਦੀ

ਸਮਾਜਿਕ ਪਛਾਣ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

- **ਸੰਵੇਦੀ ਖੇਡ –** ਇਹ ਖੇਡ ਬੱਚੇ ਨੂੰ ਆਪਣੇ ਆਲੇ ਦੁਆਲੇ ਸੰਬੰਧੀ ਅਨੁਭਵ ਦੁਆਰਾ ਜ਼ਰੂਰੀ ਗੱਲਬਾਤ ਕਰਨ ਦੀ ਆਗਿਆ ਦਿੰਦੀ ਹੈ।
- **ਮੌਖਿਕ ਭਾਸ਼ਾਵਾਂ ਵਿੱਚ ਖੇਡ –** ਇਹ ਖੇਡ ਬੱਚਿਆਂ ਨੂੰ ਉਹਨਾਂ ਦੀ ਭਾਸ਼ਾਂ ਅਤੇ ਸੰਚਾਰ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ।

ਉੱਪਰ ਦੱਸੀਆਂ ਗਈਆਂ ਲਗਭਗ ਸਾਰੀਆਂ ਕਿਸਮਾਂ ਦੀਆਂ ਖੇਡ ਗਤੀਵਿਧੀਆਂ ਨੂੰ 3 ਮਹੀਨਿਆ ਦੇ ਪੈਕੇਜ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਖੇਡ ਵਿੱਚ ਕੁਦਰਤ ਦਾ ਸਮਾਵੇਸ਼ ਹੋਣਾ ਚਾਹੀਦਾ ਹੈ ਜਿੱਥੇ ਵੱਖੋ-ਵੱਖਰੀਆਂ ਯੋਗਤਾਵਾਂ ਵਾਲੇ ਬੱਚੇ ਇੱਕ ਦੂਜੇ ਨਾਲ ਜੁੜਦੇ ਹਨ। ਸਮਤਿਕ ਉਹ ਖੇਡ ਹੈ ਜੋ ਸਾਰੇ ਵਿਅਕਤੀਆਂ (ਅਪਾਹਜਤਾ ਦੇ ਨਾਲ ਜਾਂ ਬਿਨਾਂ) ਲਈ ਇਕੱਠੇ ਜੁੜਨ ਅਤੇ ਸਿੱਖਣ ਦਾ ਮੌਕਾ ਤੇ ਸਥਾਨ ਦਿੰਦੀ ਹੈ ਜਿਸ ਨਾਲ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕਦਾ ਹੈ ਅਤੇ ਸੰਪਰਕ ਅਤੇ ਸਮਾਜਿਕ ਸਵੀਕ੍ਰਿਤੀ ਸਥਾਪਤ ਕੀਤੀ ਜਾ ਸਕਦੀ ਹੈ ।(ਜੀਨਸ ਅਤੇ ਮੈਗੀ, 2012)

## ਖਿਡੌਣਾ ਅਧਾਰਿਤ ਸਿੱਖਿਆ ਸ਼ਾਸਤਰ

ਰਾਸ਼ਟਰੀ ਸਿੱਖਿਆ ਨੀਤੀ 2020 ਦੁਆਰਾ ਖਿਡੌਣੇ ਅਧਾਰਿਤ ਸਿੱਖਿਆ ਸ਼ਾਸ਼ਤਰ ਦੀ ਵੀ ਸਿਫਾਰਸ਼ ਕੀਤੀ ਗਈ ਹੈ।ਇਹ ਸਿੱਖਿਆ ਸ਼ਾਸ਼ਤਰ ਬਾਲ ਕੇਂਦਰਿਤ ਹੈ ਅਤੇ ਬੱਚਿਆਂ ਨੂੰ ਅਨੰਦ, ਮਨੋਰੰਜਨ ਅਤੇ ਅਰਥਪੂਰਨ ਸਿੱਖਣ ਲਈ ਮੌਕਾ ਦਿੰਦੀ ਹੈ। ਖਿਡੌਣੇ ਅਧਾਰਿਤ ਸਿੱਖਿਆ ਸ਼ਾਸ਼ਤਰ ਖਿਡੌਣਿਆਂ ਦੀ ਵਰਤੋਂ ਰਾਹੀਂ ਸਿੱਖਿਆ ਬਾਰੇ ਗੱਲ ਕਰਦਾ ਹੈ। ਇਸ ਸਿੱਖਿਆ ਸ਼ਾਸਤਰ ਵਿੱਚ, ਅਧਿਆਪਕ ਅਤੇ ਸਿਖਿਆਰੀ ਅਧਿਆਪਨ ਸਿਖਲਾਈ ਪ੍ਰਕਿਰਿਆ ਦੌਰਾਨ ਨਵੇਂ ਸੰਕਲਪਾਂ ਨੂੰ ਸਿੱਖਣ ਲਈ ਵੱਖ-ਵੱਖ ਤਰ੍ਹਾਂ ਦੇ ਖਿਡੌਣਿਆਂ ਦੀ ਵਰਤੋਂ ਕਰਦੇ ਹਨ। ਬੱਚੇ ਸਿੱਖਣ ਦੇ ਮਾਧਿਅਮ ਵੱਜੋਂ ਦੇਸੀ ਖਿਡੌਣੇ ਅਤੇ ਗੁੱਡੀਆਂ ਪਟੋਲੇ ਬਣਾ ਅਤੇ ਵਰਤ ਸਕਦੇ ਹਨ। ਇਹ ਵੱਖ-ਵੱਖ ਬੱਚਿਆਂ ਲਈ ਸਿੱਖਣ ਦੀ ਸਹੂਲਤ ਲਈ ਵੀ ਮਦਦ ਕਰਦਾ ਹੈ।

ਬੱਚੇ ਸਿੱਖਣ ਦੇ ਮਾਧਿਅਮ ਵਜੋਂ ਦੇਸੀ ਖਿਡੌਣੇ ਅਤੇ ਗੁੱਡੀਆਂ ਬਣਾ ਅਤੇ ਵਰਤ ਸਕਦੇ ਹਨ। ਇਹ ਵੱਖ-ਵੱਖ ਯੋਗਤਾਵਾਂ ਵਾਲੇ ਬੱਚਿਆਂ ਲਈ ਸਿੱਖਣ ਦੀ ਸਹੂਲਤ ਦੇਣ ਵਿੱਚ ਵੀ ਮਦਦ ਕਰਦਾ ਹੈ। ਇਸ ਖਿਡੌਣੇ ਅਧਾਰਿਤ ਸਿੱਖਿਆ ਸ਼ਾਸ਼ਤਰ ਦਾ ਮੁੱਖ ਫੋਕਸ ਛੋਟੇ ਬੱਚਿਆਂ ਵਿੱਚ 21ਵੀਂ ਸਦੀ ਦੇ ਨਵੇਂ ਹੁਨਰ ਪੈਦਾ ਕਰਨਾ ਹੈ। ਖਿਡੌਣੇ ਅਧਾਰਿਤ ਜਾਂ ਖਿਡੌਣੇ ਦੀ ਏਕੀਕ੍ਰਿਤ ਸਿੱਖਿਆ ਸ਼ਾਸ਼ਤਰ ਦੀ ਮਦਦ ਨਾਲ ਵੱਖ-ਵੱਖ ਸਿਖਲਾਈ ਪ੍ਰਾਪਤ ਕਰ ਸਕਦੇ ਹਨ। ਇਹ ਖਿਡੌਣਿਆਂ ਦੀ ਖੋਜ ਤੋਂ ਸ਼ੁਰੂ ਹੋ ਕੇ ਵੱਖ-ਵੱਖ ਨਵੀਆਂ ਧਾਰਨਾਵਾਂ ਨੂੰ ਸਿੱਖਣ ਲਈ ਇਹਨਾਂ ਖਿਡੌਣਿਆਂ ਦੀ ਵਰਤੋਂ ਕਰਕੇ, ਆਪਣੇ ਆਪ ਅਤੇ ਦੂਜਿਆਂ ਲਈ ਕਮਿਊਨਿਟੀ ਪੱਧਰ ਦੇ ਖਿਡੌਣੇ ਬਣਾਉਣਾ। ਖਿਡੌਣੇ ਜੈਵਿਕ ਸਮੱਗਰੀ ਜਿਵੇਂ ਕਿ ਲੱਕੜ, ਮਿਟੀ, ਨਾਰੀਅਲ ਦੇ ਗੋਲੇ, ਰਹਿੰਦ-ਖੂੰਹਦ ਅਤੇ ਹੋਰ ਸਮੱਗਰੀਆਂ ਤੋਂ ਬਣਾਏ ਜਾ ਸਕਦੇ ਹਨ ਤਾਂ ਜੋ ਬੱਚੇ ਆਸਾਨੀ ਨਾਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਾਤਾਵਰਨ ਅਤੇ ਆਲੇ-ਦੁਆਲੇ ਬਾਰੇ ਸਿੱਖ ਸਕਣ। ਖਿਡੌਣਾ ਅਧਾਰਿਤ ਸਿੱਖਿਆ ਸ਼ਾਸਤਰ ਸਵੈ-ਮਾਣ ਦੀ ਸਕਾਰਾਤਮਕ ਭਾਵਨਾ ਪੈਦਾ ਕਰਦਾ ਹੈ।ਬੱਚਿਆਂ ਵਿੱਚ ਸਕਾਰਾਤਮਕ ਸਰੀਰਕ ਝਿਝਕ ਦੇ ਗੈਰ ਯਥਾਰਥਵਾਦੀ ਮਾਪਦੰਡ ਦਾ ਪ੍ਰਸਾਰ ਹੈ।

## ਅਧਿਆਪਕਾਂ ਲਈ ਦਿਸ਼ਾ-ਨਿਰਦੇਸ਼/ਸੁਝਾਅ

1) ਕਲਾਸਰੂਮ ਦੀ ਜਗ੍ਹਾ ਨੂੰ ਇਸ ਤਰੀਕੇ ਨਾਲ ਸੰਗਠਿਤ ਕਰੋ ਜਿਸ ਨਾਲ ਬੱਚਿਆਂ ਨੂੰ ਘੁੰਮਣ-ਕਿਰਨ ਅਤੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੀ ਮੌਕਾ ਮਿਲੇ। ਜੇਕਰ ਬੈਂਚ ਅਤੇ ਟੇਬਲ ਹਨ, ਤਾਂ ਉਹਨਾਂ ਨੂੰ "U" ਵਿੱਚ ਵਿਵਸਥਿਤ ਕਰੋ ਤਾਂ ਜੋ ਰੋਜ਼ਾਨ ਰੁਟੀਨ ਦੀਆਂ ਗਤੀਵਿਧੀਆਂ ਕਰਨ ਲਈ ਕਲਾਸਰੂਮ ਵਿੱਚ ਕੁਝ ਜਗ੍ਹਾਂ ਖਾਲੀ ਰੱਖੀ ਜਾ ਸਕੇ। ਇਹ ਵਿਵਸਥਾ ਗੱਲਬਾਤ ਦੌਰਾਨ ਬੱਚਿਆਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਵੀ ਮਦਦਗਾਰ ਹੈ।

2) ਆਪਣੇ ਕਲਾਸਰੂਮ ਵਿੱਚ ਸਰਗਰਮੀ ਖੇਤ ਬਣਾਓ। ਜੇਕਰ ਤੁਹਾਡੇ ਕੋਲ ਕਾਫ਼ੀ ਥਾਂ ਹੈ, ਤਾਂ ਭਾਸ਼ਾ ਲਈ 3 ਤੋਂ 4 ਗਤੀਵਿਧੀ ਕੇਂਦਰ ਹੋ ਸਕਦੇ ਹਨ।

   * **ਭਾਸ਼ਾ –** ਕਹਾਣੀਆਂ ਦੀਆਂ ਕਿਤਾਬਾਂ, ਕਹਾਣੀ ਕਾਰਡ, ਫਲੈਸ ਕਾਰਡ, ਕਾਗਜ ਅਤੇ ਕਲਰ ਪੈਨਸਿਲਾਂ ਨਾਲ ਡਰਾਇੰਗ, ਸਕ੍ਰਿਬਲਿੰਗ ਅਤੇ ਲਿਖਣ ਲਈ ਜੋ ਭਾਸ਼ਾ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹਨ।

   * **ਬੋਧਾਤਮਕ ਗਤੀਵਿਧੀਆਂ –** ਬੁਝਾਰਤਾਂ, ਬਲਾਕ, ਮੈਚਿੰਗ ਲਈ ਕਾਰਡ, ਸੀਰੀਏਸ਼ਨ ਅਤੇ ਕਲਾਸੀਫਿਕੇਸ਼ਨ ਗਤੀਵਿਧੀਆਂ ਜਿਸ

ਨਾਲ ਬੱਚਿਆਂ ਵਿੱਚ ਵਿਗਿਆਨਕ ਅਤੇ ਤਰਕਸ਼ੀਲ ਸੋਚ ਦਾ ਵਿਕਾਸ ਹੁੰਦਾ ਹੈ:

* **ਨਾਟਕੀ/ਕਲਪਨਾਤਮਕ ਖੇਡ –** ਗੁੱਡੀਆਂ, ਡਾਕਟਰ ਸੈੱਟ, ਪਲਾਸਟਿਕ ਦੇ ਫਲ, ਸਬਜ਼ੀਆਂ ਅਤੇ ਖਿਡੌਣੇ ਤੋਲਣ ਵਾਲੇ ਪੈਮਾਨੇ, ਪਲਾਸਟਿਕ, ਮਣਕੇ, ਸਿੱਪੀਆਂ ਆਦਿ ਨਾਲ।

ਜੇਕਰ ਜ਼ਿਆਦਾ ਜਗ੍ਹਾ ਹੈ, ਤਾਂ ਤੁਸੀ ਹੋਰ ਵੀ ਲੈ ਸਕਦੇ ਹੋ: ਜਿਵੇਂ ਇੱਕ ਕਲਾ ਅਤੇ ਕਰਾਫਟ ਲਈ, ਇੱਕ ਵਿਗਿਆਨਕ ਖੋਜ ਲਈ ਆਦਿ ਪਰ ਜੇਕਰ ਸਮਾਨ ਕਾਫੀ ਨਹੀ ਹੈ ਤਾਂ ਗਤੀਵਿਧੀਆਂ ਰੋਟੇਸ਼ਨਲ ਆਧਾਰ 'ਤੇ ਕੀਤੀਆਂ ਜਾ ਸਕਦੀਆਂ ਹਨ।

3) ਗਤੀਵਿਧੀਆਂ ਦੀ ਯੋਜਨਾ ਬਣਾਉਂਦੇ ਹੋਏ, ਇੱਕ ਟੀਚੇ ਦੇ ਅੰਦਰ ਵੱਖ-ਵੱਖ ਧਾਰਨਾਵਾਂ ਅਤੇ ਹੁਨਰਾਂ ਦੇ ਏਕੀਕਰਣ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰੋ।

4) ਕਲਾਸਰੂਮ ਵਿੱਚ ਵੱਖ-ਵੱਖ ਯੋਗਤਾਵਾਂ ਅਤੇ ਸਿੱਖਣ ਦੀਆਂ ਜ਼ਰੂਰਤਾਂ ਵਾਲੇ ਬੱਚੇ ਸ਼ਾਮਲ ਹੋਣਗੇ। ਇਹਨਾਂ ਲੋੜਾਂ ਦੀ ਚੰਗੀ ਤਰ੍ਹਾਂ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਸਾਰੇ ਸਿਖਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲਾ ਇੱਕ ਕਲਾਸਰੂਮ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ। ਸਿੱਖਣ ਦਾ ਯੂਨੀਵਰਸਲ ਡਿਜ਼ਾਇਨ ਇੱਕ ਵਿਕਾਸਸ਼ੀਲ ਅਭਿਆਸ ਹੋਣਾ ਚਾਹੀਦਾ ਹੈ ਜਿੱਥੇ ਹਰੇਕ ਸੰਕਲਪ ਵਿੱਚ ਪੇਸ਼ਕਾਰੀ ਦੇ ਕਈ ਢੰਗ ਹੁੰਦੇ ਹਨ (ਜਿਵੇਂ ਵਿਜ਼ੂਅਲ ਆਡੀਓ ਅਤੇ ਕਾਇਨੇਥੈਟਿਕ ਏਡਜ਼), ਪ੍ਰਗਟਾਵੇ ਦੇ ਕਈ ਢੰਗ ਅਤੇ ਰੁਝੇਵੇਂ (ਜਿਵੇਂ ਬੋਲਣਾ, ਲਿਖਣਾ, ਡਰਾਇੰਗ ਆਦਿ) ਅਤੇ ਸਮੂਹ ਗਤੀਵਿਧੀਆਂ, ਵਿਅਕਤੀਗਤ, ਜੋੜੇ ਦੀਆਂ ਗਤੀਵਿਧੀਆਂ ਆਦਿ। ਵਿਸ਼ਵਵਿਆਪੀ ਤੌਰ 'ਤੇ ਤਿਆਰ ਕੀਤੀ ਗਈ ਸਿੱਖਣ ਦੀ ਅਜਿਹੀ ਪਹੁੰਚ ਸਾਰੇ ਸਿਖਿਆਰਥੀਆਂ ਨੂੰ ਸ਼ਾਮਲ ਕਰੇਗੀ ਜਿਨ੍ਹਾਂ ਵਿੱਚ ਕੁਝ ਸਰੀਰਕ ਭਿੰਨਤਾਵਾਂ ਨਾਲ ਵੀ ਹੋਣਗੇ।

5) ਬੱਚਿਆਂ ਦੀ ਘਰੇਲੂ ਭਾਸ਼ਾ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਵਰਤਿਆ ਜਾਵੇ ਜੇਕਰ ਵੱਖ-ਵੱਖ ਭਾਸ਼ਾਈ ਪਿਛੋਕੜ ਵਾਲੇ ਬੱਚੇ ਹਨ, ਤਾਂ ਬੱਚਿਆਂ ਤੋਂ ਹਰੇਕ ਭਾਸ਼ਾ ਦੇ ਕੁਝ ਬੁਨਿਆਦੀ ਸ਼ਬਦਾਂ ਨੂੰ ਸਿੱਖਣ ਦੀ ਕੋਸ਼ਿਸ਼ ਕਰੋ ਅਤੇ ਉਹਨਾਂ ਦੀ ਕਲਾਸਰੂਮ ਵਿੱਚ ਵਰਤੋਂ ਕਰੋ। ਇਸ ਤੋਂ ਇਲਾਵਾ, ਤਸਵੀਰਾਂ ਦੀ ਵਰਤੋਂ ਕਰੋ, ਸਰੀਰ ਦੀ

ਭਾਸ਼ਾ ਅਤੇ ਸੁਣਨ ਦੀ ਕੰਮਜ਼ੋਰੀ ਵਾਲੇ ਬੱਚਿਆਂ (CWHI) ਵਿੱਚ ਬੱਚਿਆਂ ਨੂੰ ਸਮਝਣ ਅਤੇ ਸਮਝਣ ਵਿੱਚ ਮਦਦ ਕਰਨ ਲਈ ਸ਼ਿਕਾਇਤਾਂ ਦੇ ਰੂਪ ਵਿੱਚ ਇਸ਼ਾਰੇ (CWHI) ਸ਼ਾਮਲ ਹਨ।

6) ਰੰਗ, ਆਕਾਰ ਦੇ ਸੰਕਲਪਾਂ ਨਾਲ ਸਬੰਧਤ ਕਵਿਤਾਵਾਂ, ਕਹਾਣੀਆਂ ਦੇ ਚਾਰਟ ਅਤੇ ਪੋਸਟਰ ਲਗਾ ਕੇ ਇੱਕ ਪ੍ਰਿੰਟ ਭਰਪੂਰ ਵਾਤਾਵਰਣ ਬਣਾਓ। ਬੱਚਿਆਂ ਦੇ ਨਾਲ ਮਿਲ ਕੇ ਵਿਕਸਿਤ ਅਤੇ ਚੁਣੀਆ ਗਈਆਂ ਡਰਾਇੰਗਾਂ ਅਤੇ ਹੋਰ ਸਮੱਗਰੀਆਂ ਸਾਮਾਨ ਕਰੋ। ਕਲਾਸਰੂਮ ਵਿੱਚ ਵਸਤੂਆਂ ਨੂੰ ਲੇਬਲ ਕਰੋ, ਨਿਯਮਾਂ ਨੂੰ ਪ੍ਰਦਰਸ਼ਿਤ ਕਰੋ, ਉਹਨਾਂ ਦੇ ਨਾਮ ਪ੍ਰਦਰਸ਼ਿਤ ਕਰੋ, ਮੌਸਮ, ਮਿਤੀ ਅਤੇ ਦਿਨਾਂ ਦੇ ਨਾਲ ਇੱਕ ਕੈਲੰਡਰ ਰੱਖੋ। ਬੱਚਿਆਂ ਨਾਲ ਵੱਖ-ਵੱਖ ਗਤੀਵਿਧੀਆਂ ਕਰਦੇ ਸਮੇਂ ਇਹਨਾਂ ਸਾਰੇ ਸਾਧਨਾਂ ਦੀ ਵਰਤੋਂ ਕਰੋ। ਅਜਿਹਾ ਮਾਹੌਲ ਨਾ ਸਿਰਫ਼ ਕਲਾਸ ਵਿੱਚ ਬੱਚਿਆਂ ਲਈ ਭਾਸ਼ਾ ਦਾ ਮਜ਼ਬੂਤ। ਆਧਾਰ ਵਿਕਸਿਤ ਕਰਦਾ ਹੈ ਸਗੋਂ ਉਹਨਾਂ ਲਈ ਰਾਕੇਟ ਲਾਂਚਰ ਵਜੋਂ ਵੀ ਕੰਮ ਕਰਦਾ ਹੈ ਜੋ ਭਾਸ਼ਾ ਦੇ ਆਧਾਰ ਨੂੰ ਗੁਆ ਚੁੱਕੇ ਹਨ (ਜਿਵੇਂ ਕਿ CWHI ਅਤੇ ਭਾਸ਼ਾਈ ਵਿਭਿੰਨਤਾ ਵਾਲੇ ਬੱਚੇ)।

7) ਕਲਾ ਅਤੇ ਸ਼ਿਲਪਕਾਰੀ ਦੀਆਂ ਗਤੀਵਿਧੀਆਂ ਦੀ ਯੋਜਨਾ ਇਸ ਤਰੀਕੇ ਨਾਲ ਬਣਾਓ ਕਿ ਉਤਪਾਦਾਂ ਨੂੰ ਬਾਅਦ ਵਿੱਚ ਹੋਰ ਗਤੀਵਿਧੀਆਂ ਲਈ ਵਰਤਿਆ ਜਾ ਸਕੇ। ਉਦਾਹਰਨ ਵਜੋਂ ਕਾਗਜ ਨੂੰ ਤੋੜਨਾ ਅਤੇ ਵੱਖ-ਵੱਖ ਰੰਗਾਂ ਅਤੇ ਅਕਾਰਾਂ ਦੀਆਂ ਕਾਗਜ਼ ਦੀਆਂ ਗੇਂਦਾਂ ਬਣਾਉਣਾ - ਇਹਨਾਂ ਦੀ ਵਰਤੋਂ ਸੈੱਟਾਂ ਦੇ ਸੰਕਲਪਾਂ ਨੂੰ ਬਣਾਉਣ ਲਈ ਢਾਂਚੇ ਬਣਾਉਣ ਲਈ, ਘੱਟ ਅਤੇ ਜ਼ਿਆਦਾ, ਦੂਰ ਅਤੇ ਨੇੜੇ ਵਰਗੇ ਸੰਕਲਪਾਂ ਲਈ ਅਤੇ ਗਿਣਤੀ ਲਈ, ਵਧੇਰੇ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਕੀਤੀ ਜਾ ਸਕਦੀ ਹੈ।

8) ਠੋਸ ਅਤੇ ਸਪਰਸ਼ ਸਮੱਗਰੀ ਜਿਹੜੀ ਬੱਚਿਆਂ ਨੂੰ ਉਹਨਾਂ ਦੇ ਸਾਰੇ ਗਿਆਨ ਇੰਦਰੀਆਂ ਦੀ ਖੋਜ ਕਰਨ ਅਤੇ ਸਮੱਗਰ ਦੀ ਭਾਵਨਾ ਨੂੰ ਸਮਝਣ ਵਿੱਚ ਮਦਦ ਕਰਦੀ ਹੈ। ਇਹ ਵੀ ਯਕੀਨੀ ਬਣਾਉਂਦਾ ਹੈ ਕਿ ਬਹੁ ਖੇਤਰੀ ਸਮਝ ਵਾਲੇ ਬੱਚਿਆਂ ਖਾਸ ਤੌਰ 'ਤੇ ਕਾਇਨੇਥੈਟਿਕ ਇੰਟੈਲੀਜੈਂਸ ਵਾਲੇ ਬੱਚਿਆਂ ਅਤੇ ਦ੍ਰਿਸ਼ਟੀ ਦੀ ਕਮਜ਼ੋਰੀ ਵਾਲੇ ਬੱਚਿਆਂ (CWVI) ਦੀਆਂ ਜ਼ਰੂਰਤਾਂ ਨੂੰ ਚੰਗੀ ਤਰ੍ਹਾਂ ਪੂਰਾ ਕੀਤਾ ਜਾਂਦਾ ਹੈ।

9) ਛੋਟੇ ਬੱਚੇ ਭਾਸ਼ਾ ਨੂੰ ਸਿੱਖਣ ਅਤੇ ਆਪਣੀ ਸਿੱਖਿਆ ਨੂੰ ਮਜ਼ਬੂਤ ਕਰਨ ਦੇ ਸਾਧਨ ਵਜੋਂ ਵਰਤਦੇ ਹਨ (ਕੁਮਾਰ, 2000) ਜੋ ਕਿ ਅਮੀਰ ਸਕੀਮਾਂ ਦੇ

ਵਿਕਾਸ, ਭਾਸ਼ਾ ਦੇ ਵਿਕਾਸ, ਤਰਕਸ਼ੀਲ ਅਤੇ ਤਰਕਸ਼ੀਲ ਸੋਚ ਅਤੇ ਦੂਸਰਿਆਂ ਤੱਕ ਉਹਨਾਂ ਨੂੰ ਸੰਚਾਰ ਕਰਨ (ਉਨ੍ਹਾਂ ਦੇ ਵਿਚਾਰਾਂ ਦੇ ਬੁਲਾਰੇ ਬਣਨ), ਵਾਤਾਵਰਣ ਦੀ ਸਮਝ ਅਤੇ ਸਮਾਜਿਕ ਵਿਵਹਾਰਾਂ ਦੇ ਵਿਕਾਸ ਲਈ ਜ਼ਰੂਰੀ ਹੈ। ਇਸ ਤਰ੍ਹਾਂ ਕਲਾਸ-ਰੂਮ ਗੱਲਬਾਤ ਦਾ ਇੱਕ ਜ਼ਰੂਰੀ ਹਿੱਸਾ ਹੈ ਜਿਸ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਬੱਚਿਆਂ ਨੂੰ ਅਰਥਪੂਰਨ, ਮਾਰਗਦਰਸ਼ਨ ਅਤੇ ਆਪ ਸ਼ੁਰੂ ਕੀਤੀ ਗੱਲਬਾਤ ਵਿੱਚ ਸ਼ਾਮਲ ਹੋਣ ਦੇ ਭਰਪੂਰ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਇਸ ਲਈ, ਅਧਿਆਪਕਾਂ ਵਿੱਚ ਸ਼ੋਰ ਪ੍ਰਤੀ ਸਹਿਣਸ਼ੀਲਤਾ ਪੈਦਾ ਕਰਨ ਲਈ ਇਹ ਸਾਵਧਾਨ ਕਰਨ ਦੀ ਲੋੜ ਹੈ ਕਿ ਇਹ ਸ਼ੋਰ ਇਨ੍ਹਾਂ ਉੱਚਾ ਨਾ ਹੋ ਜਾਵੇ ਜਿਸ ਨਾਲ CWHI ਜਾਂ ਹੋਰਾਂ ਦੇ ਕੰਨਾਂ ਨੂੰ ਠੋਸ ਪਹੁੰਚੇ ਜਾਂ ਦੂਜੀਆਂ ਜਮਾਤਾਂ ਨੂੰ ਪਰੇਸ਼ਾਨ ਹੋਵੇ। ਪਿੰਨ-ਡਰੌਪ ਸਾਈਲੈਂਸ ਹੋਣ ਦੀ ਧਾਰਨਾ ਦੂਜੇ ਸਥਾਨ ਤੇ ਹੋਣੀ ਚਾਹੀਦੀ ਹੈ। ਆਪਣੇ ਬਾਰੇ ਗੱਲ ਕਰਨ, ਸਕੂਲ ਵਿੱਚ ਵਸਤੂਆਂ ਅਤੇ ਤਜ਼ਰਬਿਆਂ ਬਾਰੇ, ਤਸਵੀਰਾਂ ਬਾਰੇ, ਸੁਣੀਆਂ ਕਹਾਣੀਆਂ ਬਾਰੇ, ਅਦਾਕਾਰੀ ਅਤੇ ਭੂਮਿਕਾ ਨਿਭਾਉਣ ਆਦਿ ਬਾਰੇ ਸਾਰਥਕ ਗੱਲਬਾਤ ਦੇ ਕੁਝ ਮੌਕੇ ਪੈਦਾ ਕੀਤੇ ਜਾ ਸਕਦੇ ਹਨ।

## ਰੋਜ਼ਾਨਾਂ ਰੁਟੀਨ ਦੇ ਹਿੱਸੇ

- **ਸ਼ੁੱਭਕਾਮਨਾਵਾਂ ਅਤੇ ਮੁਲਾਂਕਾਤ/ਸਵੇਰ ਦਾ ਸਮਾਂ**

ਸਮੂਹ ਗਤੀਵਿਧੀ ਅਤੇ ਦਿਨ ਦੀਆਂ ਗਤੀਵਿਧੀਆਂ ਨੂੰ ਸ਼ੁਰੂ ਕਰਨ ਦਾ ਇਹ ਵਧੀਆ ਸਮਾਂ ਹੈ। ਇਸ ਗਤੀਵਿਧੀ ਲਈ ਬੱਚਿਆਂ ਲਈ ਇੱਕ ਚੱਕਰ ਜਾਂ ਅਰਧ-ਸਰਕਲ ਵਿੱਚ ਬੈਠਣਾ ਮਹੱਤਵਪੂਰਨ ਹੈ ਤਾਂ ਜੋ ਉਹ ਗੱਲਬਾਤ ਕਰਦੇ ਸਮੇਂ ਇੱਕ ਦੂਜੇ ਨੂੰ ਸਾਫ਼-ਸਾਫ਼ ਦੇਖ ਸਕਣ। ਦਿਨ ਦੀ ਸ਼ੁਰੂਆਤ ਬੱਚਿਆਂ ਦੇ ਨਿੱਘੇ ਸੁਆਗਤ ਨਾਲ ਕਰੋ। ਤੁਸੀਂ ਇੱਕ ਛੋਟੀ ਜਿਹੀ ਪ੍ਰਾਰਥਨਾ, ਸਿਮਰਨ ਜਾਂ ਦਿਮਾਗੀ ਸਰਗਰਮੀ ਨਾਲ ਸ਼ੁਰੂਆਤ ਕਰ ਸਕਦੇ ਹੋ ਅਤੇ ਫਿਰ ਹਾਜ਼ਰੀ ਲੈਣ ਲਈ ਮਾਪਣਾ ਨਾਮ ਬੋਲਣ ਦੀ 'ਐਕਟੀਵਿਟੀ' ਰੱਖ ਸਕਦੇ ਹੋ। ਇਸ ਤੋਂ ਬਾਅਦ ਇੱਕ ਸਫ਼ਾਈ ਜਾਂਚ ਨਾਲ ਕੀਤੀ ਜਾ ਸਕਦੀ ਹੈ ਜੋ ਬੱਚੇ ਵਾਰੀ-ਵਾਰੀ ਕਰ ਸਕਦੇ ਹਨ। ਇਸ ਤੋਂ ਬਾਅਦ ਕੈਲੰਡਰ ਗਤੀਵਿਧੀ ਹੋ

ਸਕਦੀ ਹੈ ਤਾਂ ਜੋ ਬੱਚੇ ਉਚਿਤ ਤੌਰ ’ਤੇ ਉਸ ਦਿਨ ਲਈ ਸਹੀ ਕਾਰਡਾਂ ਨੂੰ ਸਲਾਟ ਵਿੱਚ ਲਗਾਉਣ ਦੇ ਯੋਗ ਬਨਣ – ਉਦਾਹਰਨ ਵਜੋਂ ਜੇਕਰ ਅੱਜ ਬੁੱਧਵਾਰ ਹੈ ਅਤੇ ਮਿਤੀ 14 ਹੈ ਤੇ ਮੌਸਮ ਧੁੱਪ ਵਾਲਾ ਹੈ, ਤਾਂ ਬੱਚੇ ਸਹੀ ਕਾਰਡਾਂ ਨੂੰ ਚੁੱਕਣਗੇ ਅਤੇ ਉਹਨਾਂ ਨੂੰ ਲਗਾਉਗੇ। ਇਸ ਤੋਂ ਬਾਅਦ ਗੱਲਬਾਤ ਕੀਤੀ ਜਾ ਸਕਦੀ ਹੈ – ਗੱਲਬਾਤ ਕਿਸੇ ਵੀ ਚੀਜ਼ ’ਤੇ, ਜਿਸ ’ਤੇ ਬੱਚੇ ਚਰਚਾ ਕਰਨਾ ਚਾਹੁਣ ਕਰ ਸਕਦੇ ਹਨ ਜਾਂ ਇਹ ਕਿਸੇ ਵਿਸ਼ੇ ’ਤੇ ਅਧਾਰਿਤ ਹੋ ਸਕਦੀ ਹੈ। ਖੁੱਲੇ ਸਵਾਲ ਪੁੱਛਣਾ ਯਕੀਨੀ ਬਣਾਓ ਤਾਂ ਜੋ ਬੱਚੇ ਖੁੱਲ੍ਹੀ ਗੱਲ ਕਰ ਸਕਣ ਜਾਂ ਇਹ ਕਿਸੇ ਵਿਸ਼ੇ ’ਤੇ ਕੇਂਦਰਿਤ ਹੋ ਸਕਣ। ਖੁੱਲੇ ਸਵਾਲ ਪੁੱਛਣਾ ਹੀ ਯਕੀਨੀ ਬਣਾਓ ਤਾਂ ਜੋਂ ਬੱਚਿਆਂ ਨੂੰ ਸੋਚਣ ਅਤੇ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਗੁੰਜਾਇਸ਼ ਹੋਵੇ। ਤੁਸੀ ਉਹਨਾਂ ਨਾਲ ਉਹਨਾਂ ਗਤੀਵਿਧੀਆਂ ਬਾਰੇ ਵੀ ਗੱਲ ਕਰ ਸਕਦੇ ਹੋ ਜੋ ਤੁਸੀਂ ਉਸ ਦਿਨ ਕਰਨ ਦੀ ਯੋਜਨਾ ਬਣਾਈ ਹੈ। ਇਹ ਕ੍ਰਮਵਾਰ ਸੋਚ ਨੂੰ ਵਿਕਸਤ ਕਰਨ ਲਈ ਬਹੁਤ ਮਦਦਗਾਰ ਹੈ, ਜੋ ਕਿ ਇੱਕ ਮਹੱਤਵਪੂਰਨ ਗਣਿਤ ਦਾ ਹੁਨਰ ਹੈ। ਇਸ ਪੈਕੇਜ ਦੀ ਰਿਸੋਰਸ ਬੁੱਕ ਵਿੱਚ ਵੱਖ-ਵੱਖ ਵਿਸ਼ਿਆਂ ਦੇ ਆਲੇ-ਦੁਆਲੇ ਬਹੁਤ ਸਾਰੀਆਂ ਗਤੀਵਿਧੀਆਂ ਦਾ ਸੁਝਾਅ ਦਿੱਤਾ ਗਿਆ ਹੈ। ਤੁਸੀਂ ਆਪਣੀ ਖੁਦ ਦੀ ਗਤੀਵਿਧੀ ਵਿਕਸਿਤ ਕਰਨ ਲਈ ਜਾਂ ਸੁਝਾਏ ਗਏ ਸਰੋਤ ਪੂਲ ਵਿੱਚੋਂ ਚੋਣ ਕਰਨ ਲਈ ਸੁਤੰਤਰ ਹੋ।

❖ **ਮੁਫਤ ਪਲੇ**

ਇਹ ਵਿਦਿਆਰਥੀਆਂ ਲਈ ਇੱਕ ਸਾਂਝੀ ਸ਼ਮੂਲੀਅਤ ਗਤੀਵਿਧੀ ਹੈ। ਜੇਕਰ ਤੁਸੀਂ ਹਰ ਰੋਜ ਖੇਡਣਾ ਹੈ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਕਲਾਸਰੂਮ ਵਿੱਚ ਖੇਡਣ ਅਤੇ ਸਿੱਖਣ ਦੀ ਸਮੱਗਰੀ ਦੇ ਨਾਲ ਖੇਡ ਖੇਤਰਾਂ ਦੇ ਗਤੀਵਿਧੀ ਕੋਨੇ ਬਣਾਏ ਗਏ ਹਨ, ਤਾਂ ਜੋ ਬੱਚਿਆਂ ਕੋਲ ਘੁੰਮਣ-ਫਿਰਨ ਲਈ ਮੌਕੇ ਹੋਣ ਅਤੇ ਉਹਨਾਂ ਗਤੀਵਿਧੀਆਂ ਦੀ ਚੋਣ ਆਪਣੀ ਪਸੰਦ ਅਨੁਸਾਰ ਉਹ ਆਪਣੇ ਆਪ ਜਾਂ ਦੋਸਤਾਂ ਦੇ ਛੋਟੇ ਸਮੂਹ ਨਾਲ ਇਕੱਲੇ ਖੇਡ ਸਕਦੇ ਹਨ। ਉਹ ਪੜ੍ਹਨ ਲਈ ਜਾਂ ਆਪਣੀ ਪਸੰਦ ਦੀ ਕੋਈ ਕਿਤਾਬ ਚੁੱਕ ਸਕਦੇ ਹਨ, ਜਾਂ ਆਪਣੇ ਆਪ ਨੂੰ ਦੁਕਾਨਦਾਰ ਜਾਂ ਡਾਕਟਰ ਹੋਣ ਦੀ ਕਲਪਨਾ ਕਰ ਸਕਦੇ ਹਨ। ਖੁੱਲ੍ਹੀ ਖੇਡ ਦੁਆਰਾ, ਬੱਚੇ

ਬਦਲੀ ਕਰਨਾ, ਸਹਿਯੋਗ ਕਰਨਾ, ਝਗੜਿਆਂ ਨੂੰ ਹੱਲ ਕਰਨਾ ਅਤੇ ਵੱਖ – ਵੱਖ ਵਸਤੂਆਂ ਦੀ ਪੜਚੋਲ ਕਰਨਾ ਅਤੇ ਉਹਨਾਂ ਦੀ ਕਲਪਨਾ ਸਿੱਖਦੇ ਹਨ ਜਿਵੇਂ ਕਿ ਇੱਕ ਗਰੁੱਪ ਇੱਕ ਬੱਸ ਬਣ ਸਕਦੇ ਹਨ। ਟਰਮੀਨਲ ਜਾਂ ਰੇਡਗੱਡੀ। ਇੱਕ ਅਧਿਆਪਕ ਹੋਣ ਦੇ ਨਾਤੇ ਉਹਨਾਂ ਦੀ ਸਮੱਗਰੀ ਤੱਕ ਪਹੁੰਚ ਪ੍ਰਦਾਨ ਕਰਵਾਈ ਜਾਂਦੀ ਹੈ। ਬੱਚਿਆਂ  ਕੋਲ ਤਜਰਬਾ ਪ੍ਰਾਪਤ ਕਰਨ ਦਾ ਮੌਕਾ ਹੈ ਅਤੇ 3 ਮਹੀਨਿਆਂ ਦੌਰਾਨ ਹਰੇਕ ਸਿਖਲਾਈ ਕੇਂਦਰ ਦੁਆਰਾ ਦਾਖਲ ਕੀਤੇ ਹੁਨਰਾਂ ਨੂੰ ਵਿਕਸਿਤ ਕਰਨਾ ਹੁੰਦਾ ਹੈ ਅਤੇ ਸਮਾਜਿਕ ਭਾਵਨਾਤਮਕ ਹੁਨਰ ਅਤੇ ਭਾਸ਼ਾ ਦੇ ਹੁਨਰ ਨੂੰ ਵਿਕਸਤ ਕਰਨ ਲਈ ਖੁੱਲ੍ਹੇ ਖੇਡਣਾ ਬਹੁਤ ਮਹੱਤਵਪੂਰਨ ਹੈ ਜਿੱਥੇ ਬੱਚਿਆਂ ਨੂੰ ਮੌਕਾ ਮਿਲਦਾ ਹੈ। ਬਿਨਾਂ ਕਿਸੇ ਰੋਕ–ਟੋਕ ਦੇ ਆਪਸ ਵਿੱਚ ਖੁੱਲ੍ਹ ਕੇ ਗੱਲ ਕਰਨ ਦਾ। ਅਸੀ ਤੁਹਾਨੂੰ ਗਤੀਵਿਧੀਆਂ ਦਾ ਇੱਕ ਬੈਂਕ ਪ੍ਰਦਾਨ ਕਰ ਰਹੇ ਹਾਂ ਜੋ ਅਜਿਹੀਆਂ ਗਤੀਵਿਧੀਆਂ ਕਰਨ ਵਿੱਚ ਤੁਹਾਡੇ ਲਈ ਮਦਦਗਾਰ ਹੋਵੇਗਾ।ਅਧਿਆਪਕਾਂ ਨੂੰ ਇਸ ਵਿੱਚੋਂ ਗਤੀਵਿਧੀਆਂ ਦੀ ਚੋਣ ਕਰਨ ਦੀ ਪੂਰੀ ਖੁਦਮੁਖਤਿਆਰੀ ਹੈ ਜਾਂ ਉਹ ਆਪਣੀਆਂ ਸਵੈ–ਵਿਕਸਿਤ ਅਰਥਪੂਰਨ ਗਤੀਵਿਧੀਆਂ ਨਾਲ ਅੱਗੇ ਵਧ ਸਕਣ।

❖ **ਸੰਖਿਆ/ਵਾਤਾਵਰਣ ਜਾਗਰੂਕਤਾ ਅਤੇ ਵਿਗਿਆਨਕ ਸੋਚ**

ਇਹ ਇੱਕ ਅਧਿਆਪਕ ਦੁਆਰਾ ਸ਼ੁਰੂ ਕੀਤੀ ਗਤੀਵਿਧੀ ਹੈ। ਇਸ ਪੜਾਅ 'ਤੇ, ਬੱਚਿਆਂ ਨੂੰ ਧਾਰਨਾ ਅਧਾਰਿਤ ਸੋਚ ਤੋਂ ਸੰਕਲਪਿਕ ਸਮਝ ਵੱਲ ਜਾਣ ਲਈ ਮਦਦ ਕੀਤੀ ਜਾਣੀ ਚਾਹੀਦੀ ਹੈ, ਭਾਵ ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਦੇ ਸੰਸਾਰ ਨਾਲ ਸਬੰਧਤ ਸੰਕਲਪਾਂ ਨੂੰ ਬਣਾਉਣ ਦੀ ਜ਼ਰੂਰਤ ਹੈ, ਜੋ ਵਾਤਾਵਰਣ ਦੀ ਜਾਗਰੂਕਤਾ ਅਤੇ ਵਿਗਿਆਨਕ ਅਤੇ ਤਰਕਪੂਰਨ ਸੋਚ ਦੇ ਵਿਕਾਸ ਦਾ ਆਧਾਰ ਬਣਨਗੇ। ਬੱਚੇ ਸਿੱਧੇ ਅਨੁਭਵ ਤੋਂ ਸਿੱਖਦੇ ਹਨ, ਉਹਨਾਂ ਨੂੰ ਸੰਕਲਪਾਂ ਨੂੰ ਬਣਾਉਣ ਅਤੇ ਚੀਜ਼ਾਂ ਦਾ ਨਿਰੀਖਣ ਕਰਨ ਲਈ ਵਸਤੂਆਂ ਵਿੱਚ ਅਦਲਾ–ਬਦਲੀ ਦੀ ਲੋੜ ਹੁੰਦੀ ਹੈ। ਮਿਲਾਨ, ਵਰਗੀਕਰਨ, ਛਾਂਟੀ, ਪੈਟਰਨ ਬਣਾਉਣਾ ਅਤੇ ਚੀਜ਼ਾਂ ਨੂੰ ਕ੍ਰਮ ਵਿੱਚ ਵਿਵਸਥਿਤ ਕਰਨਾ, ਮਹੱਤਵਪੂਰਨ ਬੋਧਾਤਮਕ ਹੁਨਰ ਹਨ ਜੋ ਗਣਿਤਿਕ ਅਤੇ ਵਿਗਿਆਨਕ ਸਮਝ ਦਾ ਆਧਾਰ ਬਣਦੇ ਹਨ। ਇਹ ਬੱਚਿਆਂ ਨੂੰ ਹੋਰ

ਮੌਕੇ ਵੀ ਦਿੰਦਾ ਹੈ। ਉਹਨਾਂ ਦੇ ਸੰਕਲਪਾਂ 'ਤੇ ਕੰਮ ਕਰਨਾ ਅਤੇ ਇੱਕ ਸਮੇਂ ਵਿੱਚ ਸਿਰਫ ਇੱਕ ਪਹਿਲੂ ਨੂੰ ਦੇਖ ਕੇ ਵਿਕਸਤ ਕੀਤੇ ਗਏ ਉਹਨਾਂ ਦੇ ਸੰਕਲਪਾਂ 'ਤੇ ਕੰਮ ਕਰਨਾ ਅਤੇ ਇੱਕ ਸਮੇਂ ਵਿੱਚ ਵਿਕਸਿਤ ਕਰਨਾ। ਗਿਣਤੀ ਦੇ ਹੁਨਰ ਦਾ ਅਰਥ ਹੈ ਬੱਚਿਆਂ ਨੂੰ ਗਣਿਤ ਦੀ ਸਮਝ ਅਤੇ ਉਤਸੁਕਤਾ ਵਿਕਸਿਤ ਕਰਨ ਵਿੱਚ ਮਦਦ ਕਰਨਾ, ਗਿਣਾਤਮਕ ਤੌਰ 'ਤੇ ਸੋਚਣ, ਅੰਕੜਿਆਂ ਦੀ ਸਮਝ ਬਣਾਉਣ, ਸਥਾਨਿਕ ਜਾਗਰੂਕਤਾ, ਸੋਚਣ ਅਤੇ ਤਰਕ ਨਾਲ ਤਰਕ ਕਰਨ ਦੇ ਯੋਗ ਹੋਣਾ, ਤਾਂ ਜੋ ਉਹ ਆਪਣੇ ਰੋਜ਼ਾਨਾ ਜੀਵਨ ਵਿੱਚ ਇਹਨਾਂ ਹੁਨਰਾਂ ਦੀ ਵਰਤੋਂ ਕਰਨ ਦੇ ਯੋਗ ਹੋ ਸਕਣ। ਇਸ ਵਿੱਚ ਹੇਠ ਲਿਖੇ ਬਿੰਦੂ ਵੀ ਸ਼ਾਮਿਲ ਹਨ:-

- ਪੂਰਵ-ਸੰਖਿਆ ਅਤੇ ਪੂਰਵ-ਸਥਾਨਕ ਸੰਕਲਪਾਂ ਦੀ ਭਾਵਨਾ ਦਾ ਵਿਕਾਸ ਕਰਨਾ ਜਿਵੇਂ ਕਿ ਇਕ-ਤੋਂ-ਇਕ ਪੱਤਰ- ਵਿਹਾਰ, ਸੰਖਿਆ ਨੰਬਰ, ਕ੍ਰਮ, ਵੱਡਾ ਅਤੇ ਛੋਟਾ, ਲੰਬਾ ਅਤੇ ਛੋਟਾ, ਅੰਦਰ ਅਤੇ ਬਾਹਰ ਆਦਿ।
- ਸੰਖਿਆਵਾਂ ਦੇ ਆਲੇ ਦੁਆਲੇ ਸ਼ਬਦਾਵਲੀ ਦਾ ਵਿਕਾਸ ਕਰਨਾ ਅਤੇ ਹੌਲੀ-ਹੌਲੀ ਇਸਨੂੰ ਉਹਨਾਂ ਦੀਆਂ ਸੰਬੰਧਿਤ ਮਾਤਾਰਾਵਾਂ ਨਾਲ ਜੋੜਨਾ ਅਤੇ ਇਸ ਲਈ ਸੰਖਿਆਵਾਂ ਦੇ ਮੁੱਖ ਪਹਿਲੂ ਨੂੰ ਵਿਕਸਿਤ ਕਰਨਾ।
- ਸੰਖਿਆਵਾਂ ਦੀ ਤੁਲਨਾ ਕਰਨ ਲਈ 'ਵਧੇਰੇ', 'ਘੱਟ', 'ਵੱਡੇ' ਅਤੇ 'ਛੋਟੇ' ਵਰਗੇ ਸੰਬੰਧਤ ਸ਼ਬਦਾਂ ਦੀ ਵਰਤੋਂ ਕਰਨਾ।
- ਨਿਸ਼ਚਿਤ ਅਤੇ ਅਨੁਸੂਚਿਤ ਕ੍ਰਮ ਦੀ ਭਾਵਨਾ ਦਾ ਵਿਕਾਸ ਕਰਨਾ, ਉਦਾਹਰਨ ਲਈ, 3 ਨੰਬਰ 4 ਤੋਂ ਪਹਿਲਾਂ ਆਉਂਦਾ ਹੈ ਇਹ ਜਾਣਦੇ ਹੋਏ ਕਿ ਉੱਚ ਸੰਖਿਆਵਾਂ ਵੱਧ ਮਾਤਰਾਵਾਂ ਨੂੰ ਦਰਸਾਉਂਦੀਆਂ ਹਨ ਅਤੇ ਇਸ ਲਈ 4 ਨੰਬਰ 3 ਤੋਂ ਵੱਡਾ ਹੈ ਇਹ ਜਾਣਦੇ ਹੋਏ ਕਿ ਹਰੇਕ ਗਿਣਤੀ ਦੀ ਮਿਆਦ ਇੱਕ ਯੂਨਿਟ ਵਾਧੇ ਨੂੰ ਦਰਸਾਉਂਦੀ ਹੈ ਆਦਿ।

ਪੈਕੇਜ ਵਿੱਚ ਬੱਚਿਆਂ ਲਈ ਵਰਕਬੁੱਕ ਵਿੱਚ ਨੰਬਰ ਸੰਕਲਪ ਅਤੇ ਸੰਖਿਆ ਭਾਵਨਾ ਵਿਕਸਿਤ ਕਰਨ ਲਈ ਵਰਕਸ਼ੀਟਾਂ ਦਿੱਤੀਆਂ ਗਈਆਂ ਹਨ, ਪਰ ਇੱਕ ਅਧਿਆਪਕ ਵਜੋਂ ਇਹ ਸੁਨਿਸ਼ਚਿਤ ਕਰੋ ਕਿ ਉਹ ਵਰਕਸ਼ੀਟਾਂ ਨੂੰ

ਕਰਨ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਠੋਸ ਵਸਤੂਆਂ ਅਤੇ ਅਦਲਾ ਬਦਲੀ ਨਾਲ ਕੰਮ ਕਰਕੇ ਇਹਨਾਂ ਸੰਕਲਪਾਂ ਨੂੰ ਪ੍ਰਾਪਤ ਕਰਦੇ ਹਨ, ਉਸ ਤੋਂ ਬਾਅਦ ਪ੍ਰਤੀਨਿਧਤਾ ਵਾਲੇ ਕਾਰਡ/ਤਸਵੀਰ, ਡੋਮੀਨੋਜ਼ ਆਦਿ।

❖ **ਰਚਨਾਤਮਕ/ਸੁਹਜ ਦੇ ਵਿਕਾਸ ਲਈ ਗਤੀਵਿਧੀਆਂ**

ਇਹ ਆਮ ਤੌਰ 'ਤੇ ਅਧਿਆਪਕ ਦੁਆਰਾ ਸ਼ੁਰੂ ਕੀਤੀ ਗਈ ਇੱਕ ਸਮੂਹ ਗਤੀਵਿਧੀ ਹੈ, ਪਰ ਇਹ ਵਿਦਿਆਰਥੀ ਦੁਆਰਾ ਸ਼ੁਰੂ ਕੀਤੀ ਜਾ ਸਕਦੀ ਹੈ ਅਤੇ ਛੋਟੇ ਸਮੂਹਾਂ ਵਿੱਚ ਜਾਂ ਵਿਅਕਤੀਗਤ ਤੌਰ 'ਤੇ ਕੀਤੀ ਜਾ ਸਕਦੀ ਹੈ। ਸਮਾਂ-ਸਾਰਣੀ ਵਿੱਚ ਅਜਿਹਾ ਜਗ੍ਹਾ ਹੋਣੀ ਚਾਹੀਦੀ ਹੈ ਜਿੱਥੇ ਬੱਚੇ ਰੋਲ ਪਲੇ, ਡਰਾਮਾ, ਗਾਇਨ, ਡਾਂਸ, ਕਲਾ ਵਰਗੀਆਂ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਣ।

